
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 6 ISSUE - 19
August 16, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਭਾਰਤ ਦੀ ਆਜ਼ਾਦੀ ਦੇ 70 ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਵਿਸ਼ਾਲ ਆਜ਼ਾਦੀ ਦਿਵਸ ਪਰੇਡ ਕੱਢੀ। *(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 12-13 'ਤੇ)*

## ਯੂਨਾਈਟਿਡ ਸਪੋਰਟਸ ਕਲੱਬ ਵੱਲੋਂ ਯੂਨੀਅਨ ਸਿਟੀ 'ਚ 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਨੂੰ




ਹੋਰ ਜਾਣਕਾਰੀ ਲਈ ਖਬਰ ਦੇਖੋ ਸਫਾ 3 'ਤੇ

# ਹੁਣ ਬਲੈਕ ਮਨੀ ਰੱਖਣ ਵਾਲਿਆਂ ਨੂੰ ਕਾਬੂ ਕਰੇਗੀ ਮੋਦੀ ਸਰਕਾਰ

**ਨਵੀਂ ਦਿੱਲੀ (ਬਿਊਰੋ)–** ਭ੍ਰਿਸ਼ਟਾਚਾਰ ਦੇ ਖਿਲਾਫ ਮੁਹਿੰਮ ਤੇਜ ਕਰਦੇ ਹੋਏ ਭਾਰਤ ਸਰਕਾਰ ਉਹਨਾਂ 18 ਲੱਖ ਲੋਕਾਂ ਦੇ ਖਿਲਾਫ ਸਖਤ ਕਾਰਵਾਈ ਦੀ ਤਿਆਰੀ ਕਰ ਰਹੀ ਹੈ, ਜਿਹਨਾਂ ਤੇ ਬਲੈਕ ਮਨੀ ਰੱਖਣ ਦਾ ਸ਼ੱਕ ਹੈ। ਇਸੇ ਤਰ੍ਹਾਂ ਨੋਟਬੰਦੀ ਦੇ ਦੌਰਾਨ ਵੱਖ-ਵੱਖ ਖਾਤਿਆਂ ਵਿਚ ਜਮ੍ਹਾ ਹੋਈ ਪੌਣੇ 2 ਲੱਖ ਕਰੋੜ ਦੀ ਰਾਸ਼ੀ ਵੀ ਸ਼ੱਕ ਦੇ ਘੇਰੇ ਵਿਚ ਹੈ। ਬਲੈਕ ਮਨੀ ਦੇ ਖਿਲਾਫ ਸਰਕਾਰ ਦੀ ਸਖਤ ਕਾਰਵਾਈ ਦਾ ਅਸਰ ਹੈ ਕਿ ਇਸ ਸਾਲ ਅਪ੍ਰੈਲ ਤੋਂ ਅਗਸਤ ਦੌਰਾਨ ਇਨਕਮ ਟੈਕਸ ਦਾਖਲ ਕਰਨ ਵਾਲੇ ਟੈਕਸ ਦਾਤਿਆਂ ਦੀ ਗਿਣਤੀ ਵੱਧ ਕੇ ਦੁੱਗਣੀ ਹੋ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਹਾੜੇ ਦੇ ਮੌਕੇ ਤੇ ਮੰਗਲਵਾਰ ਨੂੰ ਲਾਲ ਕਿਲੇ ਤੋਂ ਰਾਸ਼ਟਰ ਨੂੰ ਸੰਬੋਧਿਤ ਕਰਦਿਆਂ ਇਹ ਗੱਲ ਕਹੀ।

ਪ੍ਰਧਾਨ ਮੰਤਰੀ ਨੇ ਕਿਹਾ, ਭ੍ਰਿਸ਼ਟਾਚਾਰ ਮੁਕਤ ਭਾਰਤ ਇਕ ਵੱਡਾ ਅਹਿਮ ਕੰਮ ਹੈ, ਉਸਨੂੰ ਅਸੀਂ ਸਹਿ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਬਲੈਕ ਮਨੀ ਦੇ




ਮੋਰਚੇ 'ਤੇ ਹੁਣ ਤੱਕ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਐਸ. ਆਈ ਟੀ. ਬਣਾਉਣ ਦਾ ਕੀਤਾ। ਤਿੰਨ ਸਾਲ ਦੇ ਅੰਦਰ ਕਰੀਬ ਸਵਾ ਲੱਖ ਕਰੋੜ ਤੋਂ ਜ਼ਿਆਦਾ ਦੀ ਬਲੈਕ ਮਨੀ ਲੱਭ ਲਈ ਗਈ ਅਤੇ ਉਹਨਾਂ ਨੂੰ ਸਮਰਪਣ ਕਰਨ ਲਈ ਮਜਬੂਰ ਕਰ ਦਿੱਤਾ। ਨੋਟਬੰਦੀ ਦੇ ਫੈਸਲੇ ਨੂੰ ਸਫਲ ਕਰਾਰ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੋ ਬਲੈਕ ਮਨੀ ਲੁਕੀ ਹੋਈ ਸ, ਉਹ ਇਸ ਕਦਮ ਨਾਲ ਮੁੱਖ ਧਾਰਾ ਵਿਚ ਆ ਗਈ ਹੈ। ਨੋਟਬੰਦੀ ਨਾਲ ਕਰੀਬ ਪੌਣੇ ਤਿੰਨ ਲੱਖ ਕਰੋੜ ਰੁਪਏ ਜੋ ਬੈਂਕਾਂ ਵਿਚ ਆਉਂਦੇ ਨਹੀਂ ਸਨ, ਉਹ ਆ ਗਏ। 18 ਲੱਖ ਤੋਂ ਜ਼ਿਆਦਾ ਅਜਿਹੇ ਲੋਕਾਂ ਦੀ ਪਛਾਣ ਕੀਤੀ ਗਈ ਹੈ, ਜਿਹਨਾਂ ਦੀ ਆਮਦਨ ਉਹਨਾਂ ਦੇ ਹਿਸਾਬ-ਕਿਤਾਬ ਤੋਂ ਜ਼ਿਆਦਾ ਹੈ।

ਸਾਢੇ ਚਾਰ ਲੱਖ ਲੋਕ ਇਸ ਵਿਚੋਂ ਹੁਣ ਮੈਦਾਨ ਵਿਚ ਆਏ ਹਨ, ਆਪਣੀ ਗਲਤੀ ਸਵੀਕਾਰ

**(ਬਾਕੀ ਸਫਾ 3 'ਤੇ)**

# 12 ਸਾਲਾਂ ਤੋਂ ਅਮਰੀਕਾ ਰਹਿ ਰਹੇ ਪੰਜਾਬੀ ਨੂੰ ਡਿਪੋਰਟ ਕਰਨ ਦੀ ਤਿਆਰੀ

**ਯੂਬਾ ਸਿਟੀ , ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਵਿਚ ਇਮੀਗ੍ਰੇਸ਼ਨ ਅਤੇ ਕਸਟਮਸ ਐਨਫੋਰਸਮੈਂਟ ਵਲੋਂ ਕੀਤੀ ਗਈ ਰੂਟੀਨ ਤਲਾਸ਼ੀ ਦੌਰਾਨ ਇਕ ਪੰਜਾਬ ਬਲਜੀਤ ਸਿੰਘ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਉਸ ਨੂੰ ਹੁਣ 3 ਮਹੀਨਿਆਂ ਵਿਚ ਡਿਪੋਰਟ ਕੀਤੇ ਜਾਣ ਦੀ ਤਿਆਰੀ ਹੈ। ਯੂਬਾ ਸਿਟੀ ਵਿਚ ਰਹਿੰਦੇ ਪੰਜਾਬ ਦੇ ਪਿੰਡ ਚੱਕ ਦੇਸ ਰਾਜ ਦਾ ਬਲਜੀਤ ਸਿੰਘ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਿਹਾ ਸੀ ਤੇ ਉਹ ਵਿਆਹਿਆ ਹੈ ਤੇ ਦੋ ਬਚਿਆਂ ਦਾ ਬਾਪ ਹੈ। ਉਸ ਨੂੰ ਸਰਕਾਰ ਨੂੰ ਲਗਾਤਾਰ ਰਿਪੋਰਟ



ਕਰਨੀ ਹੁੰਦੀ ਹੈ ਕਿ ਉਹ ਕਿਥੇ ਮਿਲੇਗਾ ਤੇ ਉਹ ਆਈ ਸੀ ਈ ਨੂੰ ਭਰੋਸਾ ਦਿੰਦਾ ਸੀ ਕਿ ਉਹ ਇਕ ਸਨਮਾਨਯੋਗ ਜੀਵਨ ਬਤੀਤ ਕਰ ਰਿਹਾ ਹੈ। ਦਸਣਯੋਗ ਹੈ ਕਿ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਫੈਡਰਲ ਏਜੰਟਾਂ ਵਲੋਂ ਇਹ ਪਹਿਲੀ ਤਲਾਸ਼ੀ ਹੈ। ਬਲਜੀਤ ਸਿੰਘ ਦੀ ਪਤਨੀ ਕੇਟ ਸਿੰਘ ਨੇ ਦਸਿਆ ਕਿ ਇਸ ਵਾਰ ਉਹ ਕਾਫੀ ਚਿੰਤਤ ਸੀ ਤੇ ਇਸੇ ਕਰਕੇ ਉਹ ਦੇਰ ਤੱਕ ਘਰ ਨਹੀਂ ਸੀ ਆਇਆ। ਫੜੇ ਜਾਣ ਤੋਂ ਬਾਅਦ ਬਲਜੀਤ ਸਿੰਘ ਨੇ ਕਿਹਾ ਕਿ ਉਹ ਰੋ ਰਿਹਾ ਸੀ

**(ਬਾਕੀ ਸਫਾ 3 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Smart Home Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com

Jasvinder Sandhu

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 1 ਅਕਤੂਬਰ ਨੂੰ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)** ਹਰ ਵਰੇ ਇੰਟਰਨੈਸ਼ਨਲ ਕਬੱਡੀ ਖਿਡਾਰੀਆਂ ਨੂੰ ਨਵੇਂ ਦਿਸਹੱਦੇ ਦੇਣ ਅਤੇ ਪੰਜਾਬੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਯੋਗਦਾਨ ਪਾਉਣ ਵਾਲੀ ਸੈਕਰਾਮੈਂਟੋ ਸਥਿਤ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਐਤਕੀ ਇੰਟਰਨੈਸ਼ਨਲ ਕਬੱਡੀ ਕੱਪ ਪਹਿਲੀ ਅਕਤੂਬਰ 2017 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਇਸ ਕਬੱਡੀ ਕੱਪ ਦਾ ਆਯੋਜਨ ਗੁਰਦੁਆਰਾ ਬਰਾਡਸ਼ਾਅ ਰੋਡ ਸਥਿਤ ਸਪੋਰਟਸ ਮੈਦਾਨਾਂ ਵਿਚ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਦੀ ਸ਼ਮੂਲੀਅਤ ਹੋਵੇਗੀ ਤੇ ਹੋਰ ਖਡਾਂ ਵੀ ਨਾਲੋ ਨਾਲ ਹੋਣਗੀਆਂ। ਪ੍ਰਬੰਧਕਾਂ ਨੇ ਦੱਸਿਆ ਕਿ ਇਹਨਾਂ ਖੇਡਾਂ ਨੂੰ ਐਤਕੀ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੇ ਸਹਿਯੋਗ ਦੀ ਵੀ ਅਪੀਲ ਕੀਤੀ।

# ਯੂਨਾਈਟਿਡ ਸਪੋਰਟਸ ਕਲੱਬ ਵੱਲੋਂ ਯੂਨੀਅਨ ਸਿਟੀ 'ਚ 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਨੂੰ

**ਯੂਨੀਅਨ ਸਿਟੀ (ਹੁਸਨ ਲੜੋਆ ਬੰਗਾ)–** ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਯੂਨਾਈਟਿਡ ਸਪੋਰਟਸ ਕਲੱਬ ਵੱਲੋਂ 17 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ 13ਵਾਂ ਵਿਸ਼ਵ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕੌਮਾਂਤਰੀ ਕਬੱਡੀ ਖਿਡਾਰੀਆਂ ਦੀ ਆਮਦ ਯਕੀਨੀ ਹੈ। ਉਹਨਾਂ ਇਹ ਵਾਅਦਾ ਕੀਤਾ ਕਿ ਕੌਮਾਂਤਰੀ ਖਿਡਾਰੀਆਂ ਦੀ ਹਾਜ਼ਰੀ ਤੇ ਉਹਨਾਂ ਨੂੰ ਮਾਣ ਸਨਮਾਨ ਹੀ ਨਹੀਂ ਦੱਤਾ ਜਾਵੇਗਾ ਸਗੋਂ ਦਰਸ਼ਕਾਂ ਲਈ ਕਬੱਡੀ ਦਾ ਨਿਵੇਕਲਾ ਜਾਹੋ-ਜਲਾਲ ਭਰਪੂਰ ਮਨੋਰੰਜਨ ਵਾਲਾ ਹੋਵੇਗਾ ਅਤੇ ਦਰਸ਼ਕਾਂ ਦਾ ਹਰ ਪਾਸਿਉਂ ਧਿਆਨ ਰੱਖਿਆ ਜਾਵੇਗਾ। ਇੱਥੇ ਰਾਜਾ ਸਵੀਟਸ ਜਿੱਥੇ ਯੂਨਾਈਟਿਡ ਸਪੋਰਟਸ ਕਲੱਬ ਦੇ ਅਹਿਮ ਅਹੁਦੇਦਾਰਾਂ ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦੇਬੀ ਸੋਹਲ, ਗੁਲਵਿੰਦਰ ਗਾਖਲ, ਨਰਿੰਦਰ ਸਿੰਘ ਸਹੋਤਾ, ਐਸ. ਅਸ਼ਕ ਭੌਰਾ ਹਾਜ਼ਰ ਹੋਏ, ਉਥੇ ਭਾਗ ਲੈਣ ਵਾਲੀਆਂ ਚਾਰੇ ਕਲੱਬਾਂ ਬੇਰੀਆ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਅਮਰੀਕਾ ਅਤੇ ਯੂਨਾਈਟਿਡ ਸਪੋਰਟਸ ਕਲੱਬ ਯੂ. ਐਸ. ਏ. ਦੇ ਨੁਮਾਇੰਦਿਆਂ ਨੇ ਵੀ ਹਜ਼ਰੀ ਭਰੀ।

# ਭੂਟਾਨ ਨੇ ਡੋਕਲਾਮ 'ਤੇ ਚੀਨ ਦੇ ਦਾਅਵੇ ਨੂੰ ਨਕਾਰਿਆ

**ਥਿੰਫੂ–** ਭੂਟਾਨ ਸਰਕਾਰ ਨੇ ਵੀਰਵਾਰ ਨੂੰ ਚੀਨੀ ਵਿਦੇਸ਼ ਮੰਤਰਾਲੇ ਦੇ ਉਸ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਨਕਾਰ ਦਿੱਤਾ ਕਿ ਭੂਟਾਨ ਨੇ ਡਿਪਲੋਮੈਟਿਕ ਚੈਨਲਾਂ ਰਾਹੀਂ ਚੀਨ ਨੂੰ ਆਖਿਆ ਹੈ ਕਿ ਸਿੱਕਿਮ ਸੈਕਟਰ 'ਚ ਡੋਕਲਾਮ ਉਨ੍ਹਾਂ ਦਾ ਇਲਾਕਾ ਨਹੀਂ ਹੈ। ਭੂਟਾਨ ਸਰਕਾਰ ਦੇ ਸੂਤਰਾਂ ਨੇ ਏਐਨਆਈ ਨੂੰ ਫੋਨ 'ਤੇ ਦੱਸਿਆ ਕਿ ਡੋਕਲਾਮ ਵਿਵਾਦ 'ਤੇ ਉਨ੍ਹਾਂ ਦੀ ਸਥਿਤੀ ਸਪੱਸ਼ਟ ਹੈ ਅਤੇ 29 ਜੂਨ ਦਾ ਇਹ ਬਿਆਨ ਭੂਟਾਨ ਵਿਦੇਸ਼ ਮੰਤਰਾਲੇ ਦੀ ਵੈੱਬਸਾਈਟ 'ਤੇ ਦਰਜ ਹੈ। ਤਾਜ਼ਾ ਵਿਵਾਦ ਤਾਂ ਛਿੜਿਆ ਜਦੋਂ ਚੀਨ ਦੇ ਸਰਹੱਦੀ ਅਤੇ ਮਹਾਸਾਗਰ ਮਾਮਲਿਆਂ ਬਾਰੇ ਮਹਿਕਮੇ ਦੀ ਡਿਪਟੀ ਡਾਇਰੈਕਟਰ ਜਨਰਲ ਵੈਂਗ ਵੇਨਲੀ ਨੇ ਇਹ ਆਖ ਦਿੱਤਾ ਕਿ ਡੋਕਲਾਮ ਭੂਟਾਨ ਦਾ ਇਲਾਕਾ ਨਹੀਂ ਹੈ। ਜਾਣਕਾਰੀ ਅਨੁਸਾਰ ਵੈਂਗ ਨੇ ਇਹ ਗੱਲ ਬੁੱਧਵਾਰ ਨੂੰ ਭਾਰਤੀ ਮੀਡੀਆ ਦੇ ਵਫ਼ਦ ਨਾਲ ਸਾਂਝੀ ਕੀਤੀ ਸੀ। ਉਂਜ ਉਸ ਨੇ ਆਪਣੇ ਦਾਅਵੇ ਦਾ ਕੋਈ ਪੁਖ਼ਤਾ ਸਬੂਤ ਨਹੀਂ ਦਿੱਤਾ। ਇਸ ਦੌਰਾਨ ਅਮਰੀਕੀ ਕਾਨੂੰਨਸਾਜ਼ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੇਈਚਿੰਗ ਨੇ ਭੜਕਾਊ ਕਦਮ ਚੁੱਕੇ ਹਨ ਜਿਸ ਕਾਰਨ ਭਾਰਤ ਨਾਲ ਇਹ ਵਿਵਾਦ ਫੈਲਿਆ ਹੈ। ਉਨ੍ਹਾਂ ਭਾਰਤ ਦੌਰੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਕਿਹਾ ਕਿ ਮਸਲੇ ਦਾ ਕੂਟਨੀਤਕ ਪੱਧਰ 'ਤੇ ਹੱਲ ਕੱਢੇ ਜਾਣ ਦੀ ਲੋੜ ਹੈ।




**ਡੋਕਲਾਮ 'ਤੇ ਚੀਨ ਸਮਝੌਤਾ ਨਹੀਂ ਕਰੇਗਾ: ਪੀਐਲਏ**

ਪੀਐਲਏ ਦੇ ਸੀਨੀਅਰ ਮਾਹਿਰ ਨੇ ਕਿਹਾ ਹੈ ਕਿ ਚੀਨ ਵੱਲੋਂ ਡੋਕਲਾਮ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਏਗਾ। ਭਾਰਤੀ ਪੱਤਰਕਾਰਾਂ ਦੇ ਦੌਰੇ ਮੌਕੇ ਉਸ ਨੇ ਕਿਹਾ ਕਿ ਭਾਰਤ ਨੇ ਚੀਨੀ ਇਲਾਕੇ 'ਚ ਦਖ਼ਲ ਦੇ ਕੇ ਗਲਤੀ ਕੀਤੀ ਹੈ ਅਤੇ ਭੁਲੇਖਾ ਪਾਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫ਼ੌਜੀ ਮਾਹਿਰਾਂ ਨੇ ਕਿਹਾ ਕਿ ਭਾਰਤ ਦੇ ਖ਼ਤਰਨਾਕ ਕਦਮ ਨਾਲ ਲੋਕ ਅਤੇ ਫ਼ੌਜ ਗੁੱਸੇ 'ਚ ਹਨ। ਉਨ੍ਹਾਂ ਕਿਹਾ ਕਿ ਚੀਨ ਨੇ ਅਜੇ ਤਕ 'ਚੜ੍ਹਾਈ' ਸ਼ਬਦ ਦੀ ਵਰਤੋਂ ਨਹੀਂ ਕੀਤੀ ਹੈ। ਕਰਨਲ ਜ਼ੋਊ ਬੋ ਨੇ ਕਿਹਾ ਕਿ ਭਾਰਤ ਨੂੰ ਬਿਨਾਂ ਸ਼ਰਤ ਇਲਾਕੇ 'ਚੋਂ ਪਿੱਛੇ ਹਟ ਜਾਣਾ ਚਾਹੀਦਾ ਹੈ ਜਾਂ ਫਿਰ ਇਹ ਮਸਲਾ ਤਾਕਤ ਦੀ ਵਰਤੋਂ ਨਾਲ ਹੱਲ ਕੀਤਾ ਜਾਏਗਾ।

# ਮਿਲਖਾ ਸਿੰਘ ਸਦਭਾਵਨਾ ਦੂਤ ਨਿਯੁਕਤ



**ਨਵੀਂ ਦਿੱਲੀ–** ਵਿਸ਼ਵ ਸਿਹਤ ਸੰਸਥਾ (ਡਬਲਿਊਐਚਓ) ਨੇ ਓਲੰਪਿਕ ਤਗ਼ਮਾ ਜੇਤੂ ਫ਼ਰਾਟਾ ਦੌੜਾਕ ਮਿਲਖਾ ਸਿੰਘ ਨੂੰ ਦੱਖਣ-ਪੂਰਬ ਏਸ਼ੀਆ ਖਿੱਤੇ (ਐਸਈਏਆਰ) ਵਿੱਚ ਘੱਟਦੀਆਂ ਸਰੀਰਕ ਸਰਗਰਮੀਆਂ ਨੂੰ ਹੁਲਾਰਾ ਦੇਣ ਲਈ ਸਦਭਾਵਨਾ ਦੂਤ ਨਿਯੁਕਤ ਕੀਤਾ ਹੈ। ਸੰਸਥਾ ਦੀ ਖੇਤਰੀ ਨਿਰਦੇਸ਼ਕ ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ 'ਉਡਣੇ ਸਿੱਖ' ਵਜੋਂ ਮਕਬੂਲ ਮਿਲਖਾ ਸਿੰਘ ਸਦਭਾਵਨਾ ਦੂਤ ਵਜੋਂ ਸੰਸਥਾ ਦੇ ਲਾਗ ਨਾਲ ਨਾ ਹੋਣ ਵਾਲੇ ਰੋਗਾਂ(ਐਨਸੀਡੀ) ਦੀ ਰੋਕਥਾਮ ਦੀ ਯੋਜਨਾ ਦਾ ਪ੍ਰਚਾਰ ਪ੍ਰਸਾਰ ਕਰਨਗੇ।

# ਹੁਣ ਬਲੈਕ ਮਨੀ ਰੱਖਣ ਵਾਲਿਆਂ ਨੂੰ ਕਾਬੂ ਕਰੇਗੀ ਮੋਦੀ ਸਰਕਾਰ

(ਸਫਾ 1 ਦੀ ਬਾਕੀ)

ਕਰਕੇ ਰਸਤੇ 'ਤੇ ਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਕ ਲੱਖ ਲੋਕ ਅਜਿਹੇ ਸਾਹਮਣੇ ਆਏ ਹਨ, ਜਿਹਨਾਂ ਨੇ ਕਦੀ ਇਨਕਮ ਟੈਕਸ ਨਹੀਂ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬਲੈਕ ਮਨੀ ਰੱਖਣ ਵਾਲੇ ਲੋਕ ਹੁਣ ਸਿਸਟਮ ਨੂੰ ਜਵਾਬ ਦੇਣ ਲਈ ਮਜਬੂਰ ਹੋਏ ਹਨ। ਇਸ ਸਾਲ ਇਕ ਅਪ੍ਰੈਲ 5 ਅਗਸਤ ਤੱਕ ਇਨਕਮ ਟੈਕਸ ਦਾਖਲ ਕਰਨ ਵਾਲੇ ਨਵੇਂ ਨਿੱਜੀ ਟੈਕਸ ਦਾਤਿਆਂ ਦੀ ਗਿਣਤੀ 56 ਲੱਖ ਰਹੀ ਹੈ, ਜਦਕਿ ਪਿਛਲੇ ਉਸੇ ਸਮੇਂ ਵਿਚ ਇਹ ਗਿਣਤੀ 22 ਲੱਖ ਸੀ। ਤਿੰਨ ਲੱਖ ਸ਼ੈਲ ਕੰਪਨੀਆਂ ਵਿਚੋਂ ਪੌਣੇ ਦੋ ਲੱਖ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦਾ ਮਾਲ ਲੁੱਟਣ ਵਾਲਿਆਂ ਨੂੰ ਜਵਾਬ ਦੇਣਾ ਹੋਵੇਗਾ। ਨੋਟਬੰਦੀ ਨਾਲ ਬੈਂਕਾਂ ਕੋਲ ਪੈਸਾ ਆਇਆ। ਇਸ ਕਾਰਨ ਬੈਂਕ ਆਪਣੀਆਂ ਵਿਆਜ ਦਰਾਂ ਘਟਾ ਰਹੇ ਹਨ।

**ਜੀ. ਐਸ . ਟੀ. ਨਾਲ ਬੇਲੋੜੇ ਅੜਿੱਕੇ ਦੂਰ ਹੋਏ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਜੀ. ਐਸ. ਟੀ. ਤੋਂ ਬਾਅਦ ਪਾਰਦਰਸ਼ਤਾ ਹੋਰ ਵਧਣ ਵਾਲੀ ਹੈ। ਇਕੱਲੇ ਆਵਾਜਾਈ ਖੇਤਰ ਨੂੰ ਜੀ. ਐਸ. ਟੀ. ਦਾ ਇੰਨਾ ਫਾਇਦਾ ਹੋਇਆ ਹੈ ਕਿ ਟਰੱਕ ਦੀ ਆਵਾਜਾਈ ਵਿਚ 30 ਫੀਸਦੀ ਵਕਤ ਦੀ ਬੱਚਤ ਹੋ ਰਹੀ ਹੈ। ਚੈਕ ਪੋਸਟ ਖਤਮ ਹੋਣ ਕਾਰਨ ਹਜ਼ਾਰਾਂ ਕਰੋੜ ਰੁਪਏ ਦੀ ਬੱਚਤ ਹੋਈ ਹੈ। ਸਭ ਤੋਂ ਵੱਡੀ ਬੱਚਤ ਵਕਤ ਦੀ ਹੈ, ਜਿਸ ਕਾਰਨ ਸਮਰੱਥਾ ਵਧੀ ਹੈ। ਇਹ ਤਬਦੀਲੀ ਜੀ. ਐਸ. ਟੀ. ਕਾਰਨ ਹੋਈ ਹੈ।

# 12 ਸਾਲਾਂ ਤੋਂ ਅਮਰੀਕਾ ਰਹਿ ਰਹੇ ਪੰਜਾਬੀ ਨੂੰ ਡਿਪੋਰਟ ਕਰਨ ਦੀ ਤਿਆਰੀ

ਤੇ ਇਹ ਉਸ ਦੇ ਜੀਵਨ ਦਾ ਸਭ ਤੋਂ ਭੈੜਾ ਦਿਨ ਸੀ। ਹੁਣ ਉਸ ਨੂੰ 3 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਕਿ ਉਹ ਆਪਣੀ ਪਤਨੀ ਤੇ ਬੱਚਿਆਂ ਨੂੰ ਛੱਡ ਕੇ ਦੇਸ਼ ਛੱਡ ਜਾਵੇ। ਉਸ ਨੇ ਕਿਹਾ ਕਿ ਹੁਣ ਸਰਕਾਰਾਂ ਬਦਲ ਗਈਆਂ ਹਨ ਤੇ ਸਾਰਾ ਕੁਝ ਬਦਲ ਗਿਆ ਹੈ। ਰਿਪੋਰਟ ਅਨੁਸਾਰ ਹੁਣ ਬਲਜੀਤ ਸਿੰਘ 10 ਸਾਲ ਤੱਕ ਅਮਰੀਕਾ ਵਾਪਸ ਨਹੀਂ ਆ ਸਕਦਾ। ਦਿਲਚਸਪ ਗੱਲ ਇਹ ਹੈ ਕਿ ਬਲਜੀਤ ਸਿੰਘ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ ਤੇ ਉਸ ਨੇ ਪਿਛਲੇ 9 ਸਾਲਾਂ ਤੋਂ ਕੇਵਲ ਇਕ ਮਾਲਕ ਕੋਲ ਹੀ ਨੌਕਰੀ ਕੀਤੀ ਹੈ। ਉਸ ਦੇ ਵਕੀਲ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਗੈਰ ਅਪਰਾਧੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦਸਣਯੋਗ ਹੈ ਕਿ ਇਸ ਸਾਲ ਜਨਵਰੀ ਤੋਂ ਅਪ੍ਰੈਲ ਵਿਚਕਾਰ ਆਈ ਸੀ ਈ ਦੇ ਏਜੰਟਾਂ ਨੇ ਸਮੁੱਚੇ ਦੇਸ਼ ਵਿਚੋਂ ਕਰੀਬ 42000 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਪਿਛਲੇ ਸਾਲ 2016 ਦੇ ਇਸੇ ਸਮੇਂ ਦੇ ਮੁਕਾਬਲੇ 38 ਫੀਸਦੀ ਵਧ ਹੈ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿਚੋਂ ਕਰੀਬ 25 ਫੀਸਦੀ ਲੋਕਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ। ਬਲਜੀਤ ਸਿੰਘ ਦੇ ਜ਼ਿਲੇ ਦੀ ਪ੍ਰਤੀਨਿਧਤਾ ਕਰਦੇ ਕਾਂਗਰਸਮੈਨ ਜੌਨ ਗਾਰਾਮੈਂਡੀ ਨੇ ਆਈ ਸੀ ਈ ਨੂੰ ਅਪੀਲ ਕੀਤੀ ਹੈ ਕਿ ਬਲਜੀਤ ਸਿੰਘ ਦੇ ਡਿਪੋਰਟੇਸ਼ਨ ਵਿਚ ਹੋਰ ਸਮਾਂ ਦਿੱਤਾ ਜਾਵੇ। ਬਲਜੀਤ ਦੀ ਪਤਨੀ ਕੇਟ ਸਿੰਘੇ ਨੇ ਦਸਿਆ ਕਿ ਬਲਜੀਤ 2005 ਵਿਚ ਮੈਕਸੀਕੋ ਰਾਹੀਂ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਇਆ ਸੀ ਤੇ ਉਸ ਨੂੰ ਇਕ ਸਿੱਖ ਵਜੋਂ ਸਿਆਸੀ ਸ਼ਰਨ ਦੀ ਮੰਗ ਕੀਤੀ ਸੀ। ਪਰ ਉਹ ਕੇਸ ਹਾਰ ਗਿਆ ਤੇ ਉਸ ਨੂੰ ਡਿਪੋਰਟ ਕਰਨ ਦਾ ਆਖਰੀ ਆਦੇਸ਼ ਜਾਰੀ ਹੋ ਚੁਕੇ ਸਨ।

**Matrimonial**

"Looking for a well-educated and professionally sound Groom for a Ravidassia family's pretty handsome girl 5', 11/1988, USA citizen, B.S Degree in Aerospace Engineering. The girl is working in a reputed company as engineer. Interested parties may contact on cell phone 1209 817 5127 with biodata and latest photo."

# ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਭੂਟਾਨੀ ਵਿਦੇਸ਼ ਮੰਤਰੀ ਨਾਲ ਵਿਚਾਰਾਂ

**ਨਵੀਂ ਦਿੱਲੀ–** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਥੇ ਆਪਣੇ ਭੂਟਾਨੀ ਹਮਰੁਤਬਾ ਦਾਮਚੋ ਦੋਰਜੀ ਨਾਲ ਮੁਲਾਕਾਤ ਕੀਤੀ। ਸਮਝਿਆ ਜਾਂਦਾ ਹੈ ਕਿ ਦੋਵੇਂ ਆਗੂਆਂ ਨੇ ਸਿੱਕਿਮ ਸੈਕਟਰ ਦੇ ਡੋਕਲਾਮ ਖ਼ਿੱਤੇ ਵਿੱਚ ਭਾਰਤੀ ਤੇ ਚੀਨੀ ਫ਼ੌਜਾਂ ਦਰਮਿਆਨ ਜਾਰੀ ਰੇੜਕੇ ਦੇ ਮੱਦੇਨਜ਼ਰ ਦੁਵੱਲੇ ਮਾਮਿਲਆਂ 'ਤੇ ਵਿਚਾਰਾਂ ਕੀਤੀਆਂ। ਇਸ ਦੌਰਾਨ ਚੀਨ ਵੱਲੋਂ ਜੰਗ ਦੀਆਂ ਨਿੱਤ ਦਿੱਤੀਆਂ ਜਾ ਰਹੀਆਂ ਧਮਕੀਆਂ ਦੌਰਾਨ ਭਾਰਤ ਨੇ ਚੀਨ ਨਾਲ ਲੱਗਦੀ ਆਪਣੀ ਪੂਰੀ ਪੂਰਬੀ ਸਰਹੱਦ ਉਤੇ ਫ਼ੌਜਾਂ ਦੀ ਨਫ਼ਰੀ ਵਧਾ ਦਿੱਤੀ ਹੈ।

ਬੀਬੀ ਸਵਰਾਜ ਤੇ ਸ੍ਰੀ ਦੋਰਜੀ ਦੀ ਮੀਟਿੰਗ ਨੂੰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਅਹਿਮ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਮੀਟਿੰਗ ਵਿੱਚ ਹੋਈ ਚਰਚਾ ਬਾਰੇ ਭਾਵੇਂ ਅਧਿਕਾਰਤ ਤੌਰ 'ਤੇ ਕੁਝ ਨਹੀਂ ਦੱਸਿਆ ਗਿਆ, ਪਰ ਸਮਝਿਆ ਜਾਂਦਾ ਹੈ ਕਿ ਇਸ ਮੌਕੇ ਭਾਰਤ, ਚੀਨ ਤੇ ਭੂਟਾਨ ਦੀ ਸਰਹੱਦ ਦੀ ਤਿਕੋਣ 'ਤੇ ਸਥਿਤ ਡੋਕਲਾਮ ਦਾ ਮੁੱਦਾ ਮੁੱਖ ਤੌਰ 'ਤੇ ਵਿਚਾਰਿਆ ਗਿਆ। ਉਹ 'ਬਹੁ-ਖੇਤਰੀ ਤਕਨੀਕੀ ਤੇ ਆਰਥਿਕ ਸਹਿਯੋਗ ਲਈ ਬੰਗਾਲ ਖਾੜੀ ਪਹਿਲਕਦਮੀ' (ਬਿਮਸਟੈਕ) ਤਹਿਤ ਇਥੇ ਦੱਖਣੀ ਏਸ਼ਿਆਈ ਤੇ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੀ ਮੀਟਿੰਗ ਸਬੰਧੀ ਨੇਪਾਲ ਦੀ ਰਾਜਧਾਨੀ ਪੁੱਜੇ ਹੋਏ ਸਨ।

ਮੀਟਿੰਗ ਸਬੰਧੀ ਆਪਣੀ ਟਵੀਟ ਵਿੱਚ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ, ''ਇਕ ਕਰੀਬੀ ਦੋਸਤ ਤੇ ਗੁਆਂਢੀ ਨੂੰ ਮਿਲਣ ਦਾ ਸਮਾਂ। ਵਿਦੇਸ਼ ਮੰਤਰੀ ਨੇ ਬਿਮਸਟੈਕ ਦੌਰਾਨ ਵੱਖਰੇ ਤੌਰ 'ਤੇ ਭੂਟਾਨ ਦੇ ਵਿਦੇਸ਼ ਮੰਤਰੀ ਦਾਮਚੋ ਦੋਰਜੀ ਨਾਲ ਕੀਤੀ ਮੁਲਾਕਾਤ।'' ਉਨ੍ਹਾਂ ਟਵਿੱਟਰ 'ਤੇ ਮੀਟਿੰਗ ਦੀਆਂ ਫੋਟੋਆਂ ਵੀ ਪਾਈਆਂ ਹਨ। ਭਾਰਤ ਤੋਂ ਇਲਾਵਾ ਬੰਗਲਾਦੇਸ਼, ਮਿਆਂਮਾਰ, ਸ੍ਰੀਲੰਕਾ, ਥਾਈਲੈਂਡ, ਭੂਟਾਨ ਤੇ ਨੇਪਾਲ ਵੀ ਇਸ ਗਰੁੱਪ ਦੇ ਮੈਂਬਰ ਹਨ।



ਦੂਜੇ ਪਾਸੇ ਭਾਰਤ ਨੇ ਚੀਨੀ ਧਮਕੀਆਂ ਦੇ ਮੱਦੇਨਜ਼ਰ ਇਕ ਅਹਿਮ ਰਣਨੀਤਕ ਕਦਮ ਦੌਰਾਨ ਚੀਨ ਨਾਲ ਸਿੱਕਿਮ ਤੇ ਅਰੁਣਾਚਲ ਪ੍ਰਦੇਸ਼ 'ਚ ਲੱਗਦੀ ਪੂਰੀ ਪੂਰਬੀ ਸਰਹੱਦ ਉਤੇ ਫ਼ੌਜਾਂ ਦੀ ਨਫ਼ਰੀ ਵਧਾ ਦਿੱਤੀ ਹੈ। ਉਥੇ ਤਾਇਨਾਤ ਦਸਤਿਆਂ ਦੀ 'ਚੌਕਸੀ ਦੇ ਪੱਧਰ' ਵਿੱਚ ਵੀ ਇਜ਼ਾਫ਼ਾ ਕੀਤਾ ਗਿਆ ਹੈ। ਇਸ ਕਰੀਬ 1400 ਕਿਲੋਮੀਟਰ ਲੰਬੀ ਸਰਹੱਦ ਉਤੇ ਫ਼ੌਜਾਂ ਦੀ ਤਾਇਨਾਤੀ ਵਧਾਉਣ ਦਾ ਫ਼ੈਸਲਾ ਸਮੁੱਚੇ ਹਾਲਾਤ ਦੇ ਵਿਸ਼ਲੇਸ਼ਣ ਤੇ ਚੀਨ ਦੇ ਭਾਰਤ ਖ਼ਿਲਾਫ਼ ਹਮਲਾਵਰ ਰੁਖ਼ ਨੂੰ ਦੇਖਦਿਆਂ ਲਿਆ ਗਿਆ ਹੈ।

ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਫ਼ੌਜ ਦੀ ਸੂਕਨਾ ਆਧਾਰਤ 33 ਕੋਰ ਤੇ ਨਾਲ ਹੀ ਅਰੁਣਾਚਲ ਤੇ ਅਸਾਮ ਵਿੱਚ ਸਥਿਤ 3 ਤੇ 4 ਕੋਰਾਂ ਨੂੰ ਨਾਜ਼ੁਕ ਭਾਰਤ-ਚੀਨ ਸਰਹੱਦ ਦੀ ਹਿਫ਼ਾਜ਼ਤ ਦਾ ਜ਼ਿੰਮਾ ਸੌਂਪਿਆ ਗਿਆ ਹੈ। ਉਨ੍ਹਾਂ ਇਸ ਸਬੰਧੀ ਹੋਰ ਵੇਰਵੇ ਦੇਣ ਤੋਂ ਨਾਂਹ ਕਰ ਦਿੱਤੀ। ਰੱਖਿਆ ਮਾਹਿਰਾਂ ਮੁਤਾਬਕ ਆਮ ਕਰ ਕੇ ਮੌਸਮੀ ਹਾਲਾਤ ਮੁਤਾਬਕ ਢਲਣ ਦਾ ਅਮਲ ਪੂਰਾ ਕਰ ਚੁੱਕੇ ਕਰੀਬ 45 ਹਜ਼ਾਰ ਜਵਾਨਾਂ ਨੂੰ ਹਰ ਸਮੇਂ ਤਾਇਨਾਤੀ ਲਈ ਤਿਆਰ ਰੱਖਿਆ ਜਾਂਦਾ ਹੈ। ਇਸ ਦੌਰਾਨ ਚੀਨੀ ਸਮੁੰਦਰੀ ਫ਼ੌਜ ਨੇ ਆਪਣੇ ਰਣਨੀਤਕ ਦੱਖਣ ਸਾਗਰੀ ਜੰਗੀ ਬੇੜੇ (ਐਸਐਸਐਫ਼) ਨੂੰ ਪਹਿਲੀ ਵਾਰ ਸਾਹਿਲੀ ਸ਼ਹਿਰ ਜ਼ਾਨਜਿਆਂਗ ਨੇੜੇ ਸਮੁੰਦਰ ਵਿੱਚ ਭਾਰਤੀ ਪੱਤਰਕਾਰਾਂ ਨੂੰ ਦਿਖਾਉਂਦਿਆਂ ਕਿਹਾ ਕਿ ਉਹ ਭਾਰਤ ਨਾਲ ਮਿਲ ਕੇ ਹਿੰਦ ਮਹਾਸਾਗਰ ਦੀ ਸੁਰੱਖਿਆ ਵਧਾਉਣ ਦੀ ਚਾਹਵਾਨ ਹੈ। ਹਾਲਾਂਕਿ ਇਸ ਤਹਿਤ ਚੀਨੀ ਫ਼ੌਜ ਦਾ ਗੁੱਝਾ ਮਕਸਦ ਹਿੰਦ ਮਹਾਸਾਗਰ ਵਿੱਚ ਆਪਣੀ ਪਹੁੰਚ ਵਧਾਉਣਾ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਐਸਐਸਐਫ਼ ਡਿਪਟੀ ਮੁਖੀ ਕੈਪਟਨ ਲਿਆਂਗ ਤਿਆਨਜੁਨ ਨੇ ਕਿਹਾ,''ਮੇਰੇ ਖ਼ਿਆਲ ਵਿੱਚ ਹਿੰਦ ਮਹਾਸਾਗਰ ਦੀ ਸੁਰੱਖਿਆ ਤੇ ਸਲਾਮਤੀ ਲਈ ਚੀਨ ਤੇ ਭਾਰਤ ਮਿਲ ਕੇ ਕੰਮ ਕਰ ਸਕਦੇ ਹਨ।''

ਉਨ੍ਹਾਂ ਇਸ ਨੂੰ ਕੌਮਾਂਤਰੀ ਭਾਈਚਾਰੇ ਦੀ 'ਸਾਂਝੀ ਥਾਂ' ਕਰਾਰ ਦਿੱਤਾ। ਉਨ੍ਹਾਂ ਚੀਨੀ ਜੰਗੀ ਬੇੜਿਆਂ ਦੀਆਂ ਖ਼ਿੱਤੇ ਵਿੱਚ ਵਧ ਰਹੀਆਂ ਮੁਹਿੰਮਾਂ ਦੀ ਵੀ ਜਾਣਕਾਰੀ ਦਿੱਤੀ, ਜਿਸ ਤਹਿਤ ਚੀਨ ਨੇ ਪਹਿਲੀ ਵਾਰ ਅਫ਼ਰੀਕਾ ਦੇ ਪੱਛਮੀ ਖ਼ਿੱਤੇ ਜਿਸ ਨੂੰ 'ਹੌਰਨ ਆਫ਼ ਅਫ਼ਰੀਕਾ' ਵੀ ਕਿਹਾ ਜਾਂਦਾ ਹੈ, ਵਿਚਲੇ ਮੁਲਕ ਦਿਜੀਬੂਟੀ ਵਿੱਚ ਆਪਣਾ ਸਮੁੰਦਰੀ ਫ਼ੌਜੀ ਅੱਡਾ ਕਾਇਮ ਕੀਤਾ ਹੈ। ਇਸ ਅੱਡੇ ਦੀ ਕਾਇਮੀ ਨੂੰ ਸਹੀ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਰਾਹੀਂ ਸਮੁੰਦਰੀ ਧਾੜਵੀਆਂ ਨੂੰ ਠੱਲ੍ਹਿਆ ਜਾ ਸਕੇਗਾ।

# ਫਰਿਜ਼ਨੋ ਵਿਖੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਦਿਵਸ ਮਨਾਇਆ

## "ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵੱਲੋਂ ਬੱਚਿਆਂ ਦੇ ਸਪੀਚ ਮੁਕਾਬਲੇ ਕਰਵਾਏ ਗਏ"

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਵਿਖੇ ਗਦਰੀ ਬਾਬਿਆ ਦੀ ਯਾਦ ਅੰਦਰ ਚਲ ਰਹੀ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਵੱਲੋਂ ਨਵੀਂ ਪੀੜੀ ਪੀੜੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਅਤੇ ਭਵਿੱਖ ਵਿੱਚ ਚੰਗੀ ਸੋਚ ਦੇ ਧਾਰਨੀ ਬਣਾਉਣ ਲਈ ਹਰ ਸਾਲ ਦੀ ਤਰ੍ਹਾਂ ਸ਼ਹੀਦ ਸ. ਊਧਮ ਸਿੰਘ ਸੁਨਾਮ ਅਤੇ ਸਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਸਲਾਨਾ ਬੱਚਿਆ ਦੇ ਸਪੀਚ ਮੁਕਾਬਲੇ ਕਰਵਾਏ ਗਏ।



ਜਿੰਨ੍ਹਾਂ ਦੀ ਸੁਰੂਆਤ ਹਰਜਿੰਦਰ ਸਿੰਘ ਢੇਸੀ ਨੇ ਸਭ ਨੂੰ ਜੀ ਆਇਆ ਕਹਿਣ ਨਾਲ ਕੀਤੀ ਗਈ। ਇਸ ਉਪਰੰਤ ਯਮਲਾ ਜੱਟ ਦੇ ਸ਼ਗਿਰਦ ਸਥਾਨਿਕ ਗਾਇਕ ਰਾਜ ਬਰਾੜ ਨੇ ਗੀਤਾਂ ਰਾਹੀ ਹਾਜ਼ਰੀ ਭਰੀ। ਇਸ ਸਮੇਂ ਵੱਖ-ਵੱਖ ਗਰੁੱਪਾਂ ਦੇ ਸਪੀਚ ਮੁਕਾਬਲਿਆ ਨੂੰ ਐਲੀਮੈਂਟਰੀ ਸਕੂਲ ਤੋਂ ਕਾਲਜ਼ ਲੈਬਲ ਤੱਕ ਦੇ ਬੱਚਿਆ ਨੂੰ ਵੱਖ-ਵੱਖ ਗਰੁੱਪਾ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ ਵੱਖ-ਵੱਖ ਉਮਰ ਅਤੇ ਵਿਦਿਅਕ ਲੇਬਲ ਦੇ ਬੱਚਿਆਂ ਨੇ ਵੱਧ-ਚੜ ਕੇ ਹਿੱਸਾ ਲਿਆ। ਸਭ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ ਅਤੇ ਜੇਤੂ ਬੱਚਿਆ ਨੂੰ ਸਪੈਸ਼ਲ ਨਕਦ ਇਨਾਮ ਦਿੱਤੇ ਗਏ। ਇਸ ਦੌਰਾਨ ਖ਼ੁਸ਼ੀ ਦੀ ਗੱਲ ਇਹ ਸੀ ਕਿ ਬੱਚਿਆਂ ਦੇ ਹੌਸਲਾ ਅਫਜਾਈ ਲਈ ਸਮੂੰਹ ਹਾਜ਼ਰੀਨ ਵੱਲੋਂ ਭਰਵਾ ਹੁੰਗਾਰਾ ਦਿੱਤਾ ਗਿਆ ਅਤੇ ਅਜਿਹੇ ਹੋਰ ਪ੍ਰੋਗਰਾਮ ਕਰਾਉਣ ਦੀ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ। ਇਸ ਬੱਚਿਆ ਦੇ ਮੁਕਾਬਲੇ ਦੌਰਾਨ ਡਾ. ਗੁਰੂਮੇਲ ਸਿੰਘ ਸਿੱਧੂ, ਉਸਤਾਦ ਸ਼ਾਇਰ ਹਰਜਿੰਦਰ ਸਿੰਘ ਕੰਗ ਅਤੇ ਡਾ. ਅਰਜਨ ਸਿੰਘ ਜੋਸ਼ਨ ਨੇ ਬਤੌਰ ਜੱਜ ਸੇਵਾਵਾ ਨਿਭਾਈਆ। ਅੰਤਲੇ ਪਲਾ ਵਿੱਚ ਪ੍ਰਮੁੱਖ ਬੁਲਾਰਿਆ ਦੁਆਰਾ ਆਪਣੇ ਦੇਸ਼ ਪ੍ਰੇਮ ਦੇ ਭਾਵ ਸਾਂਝੇ ਕੀਤੇ।

# ਪਹਿਲਵਾਨ ਹਰਭਜਨ ਸਿੰਘ ਭੱਜੀ ਦਾ ਫਰਿਜਨੋ ਵਿਖੇ ਸਨਮਾਨ



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀਆਂ ਨੇ ਵੱਖੋ ਵੱਖ ਖੇਤਰਾਂ ਵਿੱਚ ਹਮੇਸ਼ਾਂ ਪੰਜਾਬੀਅਤ ਦਾ ਨਾਮ ਚਮਕਾਉਣ ਲਈ ਮੱਲਾਂ ਮਾਰੀਆਂ ਹਨ। ਪਿਛਲੇ ਦਿਨੀਂ ਲਾਸ ਏਜਲਸ ਕੈਲੇਫੋਰਨੀਆਂ ਵਿਖੇ ਵਰਲਡ ਪੁਲਿਸ ਰੈਸਲਿੰਗ ਮੁਕਾਬਲੇ ਹੋਏ। ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਜਿਥੇ ਪੂਰੇ ਸੰਸਾਰ ਪੱਧਰ ਦੇ ਪਹਿਲਵਾਨ ਪਹੁੰਚੇ ਹੋਏ ਸਨ ਉੱਥੇ ਪੰਜਾਬ ਪੁਲਿਸ ਦੇ ਏ ਐਸ ਆਈ ਹਰਭਜਨ ਸਿੰਘ ਭੱਜੀ ਪਿੰਡ ਨੰਗਲ ਜਿਲ੍ਹਾ ਮੋਗਾ ਨੇ ਇਹਨਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 74 ਕਿਲੋਗ੍ਰਾਮ ਭਾਰ ਵਿੱਚ ਸੋਨੇ ਦਾ ਤਗਮਾ ਜਿਤਿਆ ਅਤੇ 76 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਵਿਦੇਸ਼ੀ ਧਰਤੀ ਤੇ ਚਮਕਾਇਆ। ਭੱਜੀ ਪਹਿਲਵਾਨ ਦੇ ਸਨਮਾਨ ਲਈ ਫਰਿਜਨੋ ਦੇ ਟਰਾਂਸਪੋਰਟਰ ਪਾਲ ਧਾਲੀਵਾਲ ਨੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਸਮਾਰੋਹ ਰੱਖਿਆ, ਇਸ ਮੌਕੇ ਉਹਨਾਂ ਨੂੰ ਸੀਲਡ ਅਤੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭੱਜੀ ਨੇ ਦੱਸਿਆ ਕਿ ਓਹ ਮੋਗਾ ਜਿਲ੍ਹੇ ਦੇ ਪਿੰਡ ਧੂੜਕੋਟ ਵਿੱਖੇ ਬਾਬਾ ਫਰੀਦ ਅਖਾੜਾ ਜੋ ਕਿ ਕੁੜੀਆਂ ਦਾ ਸੈਂਟਰ ਹੈ ਵਿਖੇ ਮੁੱਖ ਕੋਚ ਦੀ ਭੂਮਿਕਾ ਵੀ ਨਿੱਭਾ ਰਹੇ ਹਨ ਅਤੇ ਉਹਨਾਂ ਦੀ ਕੋਚਿੰਗ ਹੇਠ ਇਸ ਅਖਾੜੇ ਵਿੱਚ 80 ਦੇ ਕਰੀਬ ਕੁੜੀਆਂ ਕੁਸਤੀ ਸਿੱਖਕੇ ਨੈਸ਼ਨਲ ਪੱਧਰ ਦੇ ਕਈ ਖਿਤਾਬ ਜਿੱਤ ਚੁੱਕੀਆਂ ਹਨ। ਭੱਜੀ ਨੇ 2015 ਵਿੱਚ ਵੀ ਵਰਲਡ ਪੁਲਿਸ ਗੇਮਾਂ ਚੋ ਸਿਲਵਰ ਮੈਡਲ ਜਿੱਤਿਆ ਸੀ। ਉਹਨਾਂ ਨੌਜਵਾਨ ਪੀੜੀ ਨੂੰ ਨਸ਼ੇ ਤਿਆਗਕੇ ਖੇਡਾਂ ਦੇ ਲੜ ਲੱਗਣ ਦੀ ਬੇਨਤੀ ਕੀਤੀ।

# ਸ. ਹਰਜਿੰਦਰ ਸਿੰਘ ਧਾਮੀ ਨੂੰ ਸਦਮਾ, ਪਿਤਾ ਸਵਰਗਵਾਸ

**ਫੇਅਰਫੀਲਡ** – ਫੇਅਰਫੀਲਡ ਨਿਵਾਸੀ ਸ. ਸਵਰਨ ਸਿੰਘ ਧਾਮੀ ਆਪਣੀ ਜੀਵਨ ਯਾਤਰਾ ਪੂਰੀ ਕਰਕੇ 100 ਸਾਲ ਦੀ ਉਮਰ ਪੂਰੀ ਕਰਦੇ ਹੋਏ ਬੁੱਧਵਾਰ ਸਵੇਰੇ 9 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਪਿੰਡ ਧਾਮੀਆਂ ਕਲਾਂ ਦੇ ਜੰਮਪਲ ਸਨ। ਉਹਨਾਂ ਨੇ 30 ਸਾਲ ਹੁਸ਼ਿਆਰਪੁਰ ਵਿਚ ਹੀ ਬਿਤਾਏ ਅਤੇ 1986 ਤੋਂ ਫੇਅਰਫੀਲਡ ਵਿਖੇ ਰਹਿ ਰਹੇ ਸਨ। ਵਰਣਨਯੋਗ ਹੈ ਕਿ ਸ. ਸਵਰਨ ਸਿੰਘ ਧਾਮੀ ਇਕ ਆਜ਼ਾਦੀ ਘੁਲਾਟੀਏ ਸਨ। ਉਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਦੂਜੀ ਵਿਸ਼ਵ ਜੰਗ ਲੜੀ ਅਤੇ ਲੰਮਾ ਸਮਾਂ ਭਾਰਤੀ ਫੌਜ ਵਿਚ ਵੀ ਬਿਤਾਇਆ।



ਸ. ਸਵਰਨ ਸਿੰਘ ਧਾਮੀ ਫੇਅਰਫੀਲਡ ਗੁਰੂ ਘਰ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਪਿਤਾ ਜੀ ਸਨ। ਸ. ਸਵਰਨ ਸਿੰਘ ਧਾਮੀ ਜੀ ਦਾ ਸਸਕਾਰ 15 ਅਗਸਤ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਬ੍ਰਿਆਨਬੇਕਰ ਫਿਊਨਰਲ ਹੋਮ 1850 ਵੈਸਟ ਟੈਕਸਾਸ ਸਟ੍ਰੀਟ ਫੇਅਰਫੀਲਡ ਵਿਖੇ ਕੀਤਾ ਗਿਆ। ਉਪਰੰਤ ਫੇਅਰਫੀਲਡ ਗੁਰੂ ਘਰ ਵਿਖੇ ਉਹਨਾਂ ਦੀ ਆਤਮਕ ਸ਼ਾਂਤੀ ਲਈ ਅੰਤਿਮ ਅਰਦਾਸ ਹੋਈ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 707-315-2468 ਤੇ ਸੰਪਰਕ ਕੀਤਾ ਜਾ ਸਕਦਾ ਹੈ।


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# 71ਵੇਂ ਆਜ਼ਾਦੀ ਦਿਵਸ ਮੌਕੇ ਨਵਾਂਸ਼ਹਿਰ ਵਿਖੇ ਝੰਡਾ ਲਹਿਰਾਇਆ

## ਡੀ.ਸੀ. ਵੱਲੋਂ ਦੇਸ਼ ਅਤੇ ਸਮਾਜ ਦੇ ਛੇ ਦੁਸ਼ਮਣਾਂ ਗੰਦਗੀ, ਗਰੀਬੀ, ਭ੍ਰਿਸ਼ਟਾਚਾਰ, ਅਤਿਵਾਦ, ਜਾਤੀਵਾਦ ਅਤੇ ਨਸਲਵਾਦ ਨੂੰ ਖ਼ਤਮ ਕਰਕੇ ਨਵੇਂ ਭਾਰਤ ਨਿਰਮਾਣ ਦਾ ਸੱਦਾ





**ਮੁਕੰਦਪੁਰ (ਰੇਸ਼ਮ ਕਰਨਾਣਵੀ)-** ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਸੋਨਾਲੀ ਗਿਰਿ ਨੇ ਅੱਜ ਆਈ.ਟੀ.ਆਈ. ਗਰਾਊਂਡ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਸੁਤੰਤਰਤਾ ਸਮਾਰੋਹ ਦੌਰਾਨ ਕੌਮੀ ਝੰਡਾ ਲਹਿਰਾਉਂਦਿਆਂ ਦੇਸ਼ ਅਤੇ ਸਮਾਜ ਦੇ 6 ਦੁਸ਼ਮਣਾਂ-ਗੰਦਗੀ, ਗਰੀਬੀ, ਭ੍ਰਿਸ਼ਟਾਚਾਰ, ਅਤਿਵਾਦ, ਜਾਤੀਵਾਦ ਅਤੇ ਨਸਲਵਾਦ ਨੂੰ ਖ਼ਤਮ ਕਰਕੇ ਨਵੇਂ ਭਾਰਤ ਨਿਰਮਾਣ ਦਾ ਪ੍ਰਣ ਲੈਣ ਦਾ ਸੱਦਾ ਦਿੱਤਾ।

ਉਨ੍ਹਾਂ ਗਦਰ ਲਹਿਰ, ਕਕਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਪੱਗੜੀ ਸੰਭਾਲ ਲਹਿਰ, ਭਾਰਤ ਛੱਡੋ ਅੰਦੋਲਨ ਵਰਗੀਆਂ ਮਹਾਨ ਲਹਿਰਾਂ ਅਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰ ਤੇ ਸੁਖਦੇਵ, ਸ. ਕਰਤਾਰ ਸਿੰਘ ਸਰਾਭਾ, ਸ਼ਹੀਦ ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ ਅਤੇ ਹੋਰ ਆਜ਼ਾਦੀ ਦੇ ਪਰਵਾਨਿਆਂ ਵਲੋਂ ਦੇਸ਼ ਦੀ ਅਜ਼ਾਦੀ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਦੇਸ਼ ਸਾਹਮਣੇ ਨਵੀਂ ਤਰ੍ਹਾਂ ਦੀਆਂ ਚਣੌਤੀਆਂ ਹਨ, ਜਿਨ੍ਹਾਂ ਦੇ ਖਾਤਮੇ ਲਈ ਸਾਨੂੰ ਸਭ ਨੂੰ ਰਲ ਕੇ ਮੁਹਿੰਮ ਚਲਾਉਣੀ ਪਵੇਗੀ।

ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਵਿਲੱਖਣ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਜ਼ਿਲ੍ਹੇ ਦਾ ਸਾਲ 2011 ਦੀ ਜਨਗਣਨਾ ਵਿੱਚ ਚਾਹੇ ਪੰਜਾਬ ਵਿੱਚ ਸਭ ਤੋਂ ਵਧੇਰੇ ਲਿੰਗ ਅਨੁਪਾਤ (1000 ਮੁੰਡਿਆਂ ਪਿੱਛੇ 954 ਕੁੜੀਆਂ) ਵਾਲੇ ਜ਼ਿਲ੍ਹਿਆਂ ਵਿੱਚੋਂ ਦਜਾ ਸਥਾਨ ਜਦਕਿ 0-6 ਸਾਲ ਉਮਰ ਵਰਗ ਦੇ ਲਿੰਗ ਅਨੁਪਾਤ ਵਿੱਚ ਸ਼ਹੀਦ ਭਗਤ ਸਿੰਘ ਨਗਰ ਦਾ, 1000 ਪਿੱਛੇ 885 ਬੱਚੀਆਂ ਨਾਲ, ਰਾਜ ਵਿੱਚੋਂ ਪਹਿਲਾ ਸਥਾਨ ਹੈ। ਪਰ ਅਸੀਂ ਅੱਜ ਇੱਥੇ ਪ੍ਰਣ ਕਰੀਏ ਕਿ ਅਸੀਂ ਦੇਸ਼ ਵਿੱਚ ਸਭ ਤੋਂ ਵਧੇਰੇ ਲਿੰਗ ਅਨੁਪਾਤ ਦਿਖਾ ਕੇ ਮੋਹਰੀ ਬਣਾਂਗੇ। ਉਨ੍ਹਾਂ ਨੇ ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਵੱਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਨਾਲ ਮਾਦਾ ਭਰਣ ਹੱਤਿਆ ਜਿਹੇ ਸਮਾਜੀ ਕਲੰਕਾਂ ਖ਼ਿਲਾਫ਼ ਜਾਗਰਕਤਾ ਮੁਹਿੰਮ ਕਾਮਯਾਬੀ ਨਾਲ ਚਲਾਉਣ ਤੋਂ ਬਾਅਦ ਹੁਣ ਅਣਚਾਹੇ ਜਾਂ ਤਿਆਗੇ ਨਵਜਨਮੇ ਬੱਚਿਆਂ ਲਈ ਪੰਘੜਾ ਸੇਵਾ ਸ਼ੁਰ ਕਰਨ 'ਤੇ ਵਧਾਈ ਵੀ ਦਿੱਤੀ।

ਉਨ੍ਹਾਂ ਆਖਿਆ ਕਿ ਸ਼ਹੀਦ-ਏ-ਆਜ਼ਮ ਸ: ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਜ਼ਿਲ੍ਹੇ ਦੇ ਪਿੰਡਾਂ ਨੂੰ ਤੰਬਾਕ ਮੁਕਤ ਕਰਨ ਦੀ ਮੁਹਿੰਮ ਆਰੰਭਣ ਤੋਂ ਬਾਅਦ ਜਿੱਥੇ ਵੱਡੀ ਗਿਣਤੀ ਪਿੰਡ ਤੰਬਾਕ ਮੁਕਤ ਹੋ ਰਹੇ ਹਨ, ਉੱਥੇ ਜ਼ਿਲ੍ਹਾ ਆਪਣੇ ਸਾਰੇ ਸਰਕਾਰੀ ਦਫ਼ਤਰ ਤੰਬਾਕ ਮੁਕਤ ਕਰਕੇ ਸਮੁੱਚੇ ਸਬੇ ਵਿੱਚ ਪਹਿਲਾ ਜ਼ਿਲ੍ਹਾ ਬਣ ਗਿਆ ਹੈ। ਉਨ੍ਹਾਂ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ 1440 ਕਰੋੜ ਰੁਪਏ ਦੀ ਲਾਗਤ ਨਾਲ ਫ਼ਗਵਾੜਾ-ਨਵਾਂਸ਼ਹਿਰ-ਰਪਨਗਰ ਸੜਕ ਦਾ ਚਹੁੰਮਾਰਗੀਕਰਣ ਸ਼ੁਰ ਕੀਤਾ ਗਿਆ ਹੈ ਜਿਸ ਨਾਲ ਇਸ ਸੜਕ 'ਤੇ ਹਾਦਸੇ ਘਟ ਕਰਕੇ ਕੀਮਤੀ ਮਾਨਵੀ ਜਾਨਾਂ ਬਚਾਉਣ ਵਿੱਚ ਮੱਦਦ ਮਿਲੇਗੀ। ਮਹਿਲਾ ਸ਼ਸ਼ਕਤੀਕਰਨ ਤਹਿਤ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਵਿੱਚ ਮਹਿਲਾਵਾਂ ਨੂੰ 50 ਫੀਸਦੀ ਰਾਖਵਾਂਕਰਨ, ਸਰਕਾਰੀ ਨੌਕਰੀਆਂ ਵਿੱਚ 33 ਫੀਸਦੀ ਰਾਖਵਾਂਕਰਨ ਦੇਣ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਸ਼ਹਿਰੀ ਜਾਇਦਾਦਾਂ ਵਾਸਤੇ ਸਟੈਂਪ ਡਿਊਟੀ 31 ਮਾਰਚ, 2018 ਤੱਕ 9 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰ ਦਿੱਤੀ ਗਈ ਹੈ।

ਸਕੂਲੀ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪੀ.ਟੀ.ਸ਼ੋਅ ਅਤੇ ਸਭਿਆਚਾਰਕ ਪ੍ਰੋਗਰਾਮ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਤੇ ਸਵੈ-ਸੇਵੀ ਜਥੇਬੰਦੀਆਂ ਵੱਲੋਂ ਝਾਕੀਆਂ ਵੀ ਕੱਢੀਆਂ ਗਈਆਂ। ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਵਧੀਆਂ ਸੇਵਾਵਾਂ ਦੇਣ ਵਾਲੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ, ਸਵੈ ਸੇਵੀ ਸੰਸਥਾਂਵਾਂ ਅਤੇ ਅਕਾਦਮਿਕ ਤੇ ਖੇਡਾਂ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲਿਆਂ ਨੂੰ ਸਨਮਾਨਿਆ ਵੀ ਗਿਆ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਵ੍ਹੀਲ ਚੇਅਰਾਂ ਅਤੇ ਟ੍ਰਾਈ ਸਾਈਕਲ ਵੀ ਦਿੱਤੇ ਗਏ।

ਇਸ ਸਮਾਗਮ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਏ.ਐਸ. ਗਰੇਵਾਲ ਅਤੇ ਸਮੂਹ ਜੁਡੀਸ਼ੀਅਲ ਅਫ਼ਸਰ, ਡੀ.ਆਈ.ਜੀ. ਲੁਧਿਆਣਾ ਅਤੇ ਜਲੰਧਰ ਰੇਂਜ ਜਸਕਰਨ ਸਿੰਘ, ਵਿਧਾਇਕ ਚੌ. ਦਰਸ਼ਨ ਲਾਲ ਮੰਗੂਪੁਰ ਬਲਾਚੌਰ, ਵਿਧਾਇਕ ਅੰਗਦ ਸਿੰਘ ਨਵਾਂਸ਼ਹਿਰ, ਏ.ਡੀ.ਸੀ. ਬਖਤਾਵਰ ਸਿੰਘ ਤੇ ਰਣਜੀਤ ਕੌਰ, ਐਸ.ਪੀ. ਜਸਬੀਰ ਸਿੰਘ ਅਤੇ ਜ਼ਿਲ੍ਹੇ ਦੇ ਸਮੂਹ ਅਧਿਕਾਰੀ ਮੌਜੂਦ ਸਨ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ

ਅਮਰ ਕੋਰਸ ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਦੇਸ਼ ਦੁਆਬਾ

# ਫਿਰ ਵੀ ਇਹ ਭਾਰਤ ਦੇਸ਼ ਹੈ ਮੇਰਾ!

ਭਾਰਤ ਨੇ ਹਾਲ ਹੀ ਵਿਚ ਆਪਣੀ ਆਜ਼ਾਦੀ ਦਾ 70ਵਾਂ ਦਿਹਾੜਾ ਮਨਾਇਆ ਹੈ। 70 ਸਾਲਾ ਦੀ ਆਜ਼ਾਦੀ ਦੇ ਇਸ ਸਮੇਂ ਦਰਮਿਆਨ ਭਾਰਤ ਨੇ ਦੁਨੀਆਂ ਨੂੰ ਆਜ਼ਾਦੀ ਦਾ ਮਤਲਬ ਸਮਝਾਇਆ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਿਰਜੇ ਸੰਵਿਧਾਨ ਕਰਕੇ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਬਣਨ ਦਾ ਮਾਣ ਹਾਸਲ ਕਰਦਾ ਹੈ। ਭਾਰਤ ਦੀ ਲੋਕਤੰਤਰੀ ਵਿਵਸਥਾ ਤੋਂ ਸਾਰਾ ਵਿਸ਼ਵ ਕਾਇਲ ਹੈ। ਭਾਰਤ ਨੇ 70 ਸਾਲਾਂ ਦੀ ਆਜ਼ਾਦੀ ਦੇ ਸਮੇਂ ਦਰਮਿਆਨ ਅਨਾਜ ਉਤਪਾਦਨ ਵਿਚ ਆਤਮ ਨਿਰਭਰਤਾ ਹਾਸਲ ਕੀਤੀ ਹੈ, ਦੂਰ-ਦੁਰਾਡੇ ਪਿੰਡਾਂ ਤੱਕ ਸੜਕ ਅਤੇ ਬਿਜਲੀ ਦੀ ਪਹੁੰਚ ਯਕੀਨੀ ਬਣਾਈ ਹੈ। ਵੱਡੀਆਂ-ਵੱਡੀਆਂ ਹਾਈਵੇਜ਼ ਦਾ ਨਿਰਮਾਣ ਕੀਤਾ ਹੈ, ਰੇਲਵੇ ਦਾ ਆਧੁਨਿਕੀਕਰਨ ਕੀਤਾ ਹੈ। ਕੱਚੇ ਘਰਾਂ ਤੋਂ ਪੱਕੀਆਂ ਬਿਲਡਿੰਗਾਂ ਅਤੇ ਕੋਠੀਆਂ ਕਾਰਾਂ ਤੱਕ ਦਾ ਸਫਰ ਤਹਿ ਕੀਤਾ ਹੈ। ਅੱਜ ਭਾਰਤ ਦੀਆਂ ਸਸਤੀਆਂ ਕਾਰਾਂ ਸਾਰੀ ਦੁਨੀਆਂ ਵਿਚ ਘੁੰਮ ਰਹੀਆਂ ਹਨ। ਅੱਜ ਭਾਰਤ ਸੂਚਨਾ ਤਕਨੀਕ ਦਾ ਮੋਹਰੀ ਹੈ। ਵਿਗਿਆਨ ਪੱਖੋਂ ਭਾਰਤ ਮੰਗਲ ਗ੍ਰਹਿ ਤੱਕ ਪਹੁੰਚ ਗਿਆ ਹੈ। ਆਰਥਿਕ ਅਤੇ ਸੈਨਿਕ ਮੋਰਚੇ ਤੇ ਭਾਰਤ ਦੁਨੀਆਂ ਦੀ ਚੌਥੀ ਵੱਡੀ ਮਹਾਂਸ਼ਕਤੀ ਬਣ ਗਿਆ ਹੈ। ਇਹ ਸਭ ਗੱਲਾਂ ਸਾਡੀ ਲਈ ਮਾਣ ਅਤੇ ਸਤਿਕਾਰ ਦਾ ਵਿਸ਼ਾ ਹਨ।

ਪਰ ਅਸੀਂ ਅੱਜ ਗੱਲ ਭਾਰਤ ਦੇ ਅੰਦਰੂਨੀ ਮਸਲਿਆਂ ਬਾਰੇ ਕਰਾਂਗੇ। ਡਾ. ਸਾਹਿਬ ਬਾਬਾ ਸਾਹਿਬ ਅੰਬੇਡਕਰ ਜੀ ਨੇ ਭਾਰਤ ਦੇ ਸੰਵਿਧਾਨ ਦੀ ਡਰਾਫਟਿੰਗ ਕਰਕੇ ਭਾਰਤ ਨੂੰ ਇਸ ਦਿਸ਼ਾ ਵਿਚ ਵਧਣ ਲਈ ਮੌਕਾ ਦਿੱਤਾ। ਭਾਰਤ ਵਿਚ ਗਰੀਬ, ਪੱਛੜੇ ਅਤੇ ਧਿਰਕਾਰੇ ਲੋਕਾਂ ਲਈ ਜੋ ਵੰਡੀਆਂ ਸਦੀਆਂ ਪੁਰਾਣੀ ਵਰਣ ਵਿਵਸਥਾ ਨੇ ਪੈਦਾ ਕੀਤੀ ਸੀ, ਉਹ ਅੱਜ ਵੀ ਮੁਸ਼ਕਿਲ ਖੜ੍ਹੀ ਕਰ ਰਹੀ ਹੈ। ਅੱਜ ਵੀ ਐਸ. ਸੀ., ਐਸ. ਟੀ., ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸਮਾਜਿਕ ਪੱਧਰ ਤੇ ਬਰਾਬਰੀ ਦਾ ਦਰਜਾ ਨਹੀਂ ਮਿਲ ਰਿਹਾ। ਰਿਜ਼ਰਵੇਸ਼ਨ, ਜਿਸ ਦੇ ਜ਼ਰੀਏ ਇਹਨਾਂ ਵਰਗਾਂ ਨੂੰ ਆਰਥਿਕ ਤੌਰ ਤੇ ਉਚਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ, ਰਾਜਨੀਤੀ ਦਾ ਸ਼ਿਕਾਰ ਹੋ ਗਈ ਹੈ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਪਲਾਨ 2017-2024 ਲਈ ਜੋ ਵਿਕਾਸ ਦਾ ਨਾਅਰਾ ਬੁਲੰਦ ਕੀਤਾ ਹੈ, ਪਰ ਇਹ ਨਾਅਰਾ ਕੀ ਭਾਰਤ ਦੇ ਸਮਾਜ ਵਿਚ ਫੈਲੀ ਅਸਮਾਨਤਾ ਨੂੰ ਖਤਮ ਕਰ ਸਕੇਗਾ। ਛੂਤਛਾਤ ਅੱਜ ਵੀ ਭਾਰਤ ਦੇ ਸਮਾਜਿਕ ਪੱਧਰ ਦੇ ਕਾਇਮ ਹੈ, ਇਸ ਦੇ ਕਾਰਨ ਭਾਰਤ ਵਿਚ ਸਮਾਜਿਕ ਕਲੇਸ਼ ਵਧਦੇ ਜਾ ਰਹੇ ਹਨ। ਇਹ ਸਮਾਜਿਕ ਸਮੱਸਿਆ ਦਾ ਹੱਲ ਕਾਨੂੰਨ ਨਹੀਂ ਕਰ ਪਾ ਰਹੇ ਹਨ। ਸਮਾਜ ਇਸ ਸਮੱਸਿਆ ਦਾ ਹੱਲ ਕੱਢਣ ਲਈ ਤਿਆਰ ਨਹੀਂ। ਰਿਜ਼ਰਵੇਸ਼ਨ ਅੱਜ ਸਿਆਸੀ ਮੁੱਦਾ ਬਣ ਚੁੱਕੀ ਹੈ। ਇਹਨਾਂ ਸਾਰੀਆਂ ਮੁਸ਼ਕਿਲਾਂ ਵਿਚਕਾਰ ਭਾਰਤ ਇਕ ਪੂਰਨ ਰਾਸ਼ਟਰ ਬਣਨ ਦਾ ਰਾਹ ਵਿਚ ਦਿੱਕਤਾਂ ਮਹਿਸੂਸ ਕਰ ਰਿਹਾ ਹੈ।

ਭਾਰਤ ਦਾ ਹਰ ਨਾਗਰਿਕ ਭਾਰਤੀ ਕਹਾਉਣ ਲਈ ਤਿਆਰ ਹੈ ਪਰ ਜਦੋਂ ਗੱਲ ਜਾਤੀਵਾਦ ਦੀ ਆ ਜਾਂਦੀ ਹੈ ਤਾਂ ਪੂਰਨ ਤੌਰ ਤੇ ਵੰਡਿਆ ਮਹਿਸੂਸ ਕਰਦਾ ਹੈ। ਜਦੋਂ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਨਿਕਲਦਾ, ਭਾਰਤ ਇਕ ਤਾਕਤਵਰ ਸਮਾਜ ਅਤੇ ਮੁਲਕ ਵਜੋਂ ਨਹੀਂ ਉਭਰ ਸਕੇਗਾ। ਆਸ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਇਸ ਦਿਸ਼ਾ ਵਿਚ ਇਮਾਨਦਾਰੀ ਨਾਲ ਕੰਮ ਕਰਨਗੀਆਂ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਆਜ਼ਾਦੀ ਦਾ ਪਹਿਲਾ ਤਿਰੰਗਾ ਤੇ ਸਰਦਾਰ ਅਜੀਤ ਸਿੰਘ

ਪ੍ਰੋ. ਕੁਲਵੀਰ ਸਿੰਘ ਢਿੱਲੋਂ ਤੇ ਹਰਦੀਪ ਸਿੰਘ ਝੱਜ (91-94173-85002)

ਭਾਰਤ ਵਿੱਚ ਬ੍ਰਿਟਿਸ਼ ਹਕੂਮਤ ਨੂੰ ਜ਼ੋਰਦਾਰ ਝਟਕਾ ਦੇਣ ਵਾਲੇ ਮੁੱਖ ਦੇਸ਼ ਭਗਤਾਂ ਵਿੱਚ ਸਰਦਾਰ ਅਜੀਤ ਸਿੰਘ ਦਾ ਖਾਸ ਸਥਾਨ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਕੀਮਤੀ 50 ਵਰ੍ਹੇ, ਲੋਕ ਇਨਕਲਾਬ ਰਾਹੀਂ, ਆਪਣੀ ਹੋਂਦ ਦੇ ਆਪ ਮਾਲਕ ਬਣਨ ਦੇ ਯੋਗ ਬਣਾਉਣ ਲਈ ਲਾਏ। ਉਨ੍ਹਾਂ ਦਾ ਜਨਮ ਖਟਕੜ ਕਲਾਂ (ਹੁਣ ਜ਼ਿਲ੍ਹਾ ਨਵਾਂ ਸ਼ਹਿਰ) ਵਿੱਚ 23 ਫ਼ਰਵਰੀ 1881 ਨੂੰ ਪਿਤਾ ਅਰਜਨ ਸਿੰਘ ਤੇ ਮਾਤਾ ਜੈ ਕੌਰ ਦੇ ਘਰ ਹੋਇਆ। ਪਿਤਾ ਅਰਜਨ ਸਿੰਘ ਲੋਕ ਸੇਵਕ, ਵੱਡੇ ਭਰਾ ਕਿਸ਼ਨ ਸਿੰਘ ਸੁਤੰਤਰਤਾ ਸੰਗ੍ਰਾਮੀ ਅਤੇ ਭਤੀਜਾ ਭਗਤ ਸਿੰਘ ਮਹਾਨ ਇਨਕਲਾਬੀ ਸਨ। ਅਜੀਤ ਸਿੰਘ ਨੇ ਮੁੱਢਲੀ ਪੜ੍ਹਾਈ ਬੰਗਾ ਦੇ ਸਕੂਲ ਵਿੱਚ ਕਰਨ ਬਾਅਦ ਦਸਵੀਂ 1884 ਵਿੱਚ ਸਾਈਂ ਦਾਸ ਐਂਗਲੋ ਸੰਸਕ੍ਰਿਤ ਸਕੂਲ, ਜਲੰਧਰ ਤੋਂ ਕੀਤੀ। ਅਤੇ ਫਿਰ ਐਫ. ਏ. ਦੀ ਪ੍ਰੀਖਿਆ ਡੀਏਵੀ ਕਾਲਜ ਲਾਹੌਰ ਤੋਂ 1896 ਵਿੱਚ ਦਿੱਤੀ।

ਅਜੀਤ ਸਿੰਘ ਨੇ ਆਪਣੇ ਵੱਡੇ ਭਰਾ ਕਿਸ਼ਨ ਸਿੰਘ ਨਾਲ ਮਿਲ ਕੇ 1898 ਵਿੱਚ ਬਰਾਰ (ਮੱਧ ਪ੍ਰਾਂਤ) ਅਤੇ 1900 ਅਹਿਮਦਾਬਾਦ ਵਿੱਚ ਅਕਾਲ ਪੀੜਤਾਂ ਦੀ ਸਹਾਇਤਾ ਕੀਤੀ। 1904 ਵਿੱਚ ਕਾਂਗੜੇ ਦੇ ਭੂਚਾਲ ਪੀੜਤਾਂ ਅਤੇ 1905 ਵਿੱਚ ਜਿਹਲਮ ਦੇ ਹੜ੍ਹ ਪੀੜਤਾਂ ਦੀ ਮਦਦ ਕੀਤੀ। ਉਹ ਜਾਣ ਚੁੱਕੇ ਸਨ ਕਿ ਅੰਗਰੇਜ਼, ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਾਲਾ ਪ੍ਰਸ਼ਾਸਨ ਨਹੀਂ ਦੇ ਸਕਦੇ।

ਇੰਡੀਅਨ ਨੈਸ਼ਨਲ ਕਾਂਗਰਸ ਨਾਲ ਅਜੀਤ ਸਿੰਘ ਦਾ ਸੰਪਰਕ ਦਸੰਬਰ 1906 ਵਿੱਚ ਉਸ ਸਮੇਂ ਸਥਾਪਿਤ ਹੋਇਆ ਜਦੋਂ ਕਲਕੱਤਾ (ਬਾਰੀਸਾਲ) ਵਿਖੇ ਦਾਦਾ ਭਾਈ ਨੌਰੋਜੀ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ 22ਵਾਂ ਅਜਲਾਸ ਹੋ ਰਿਹਾ ਸੀ। ਉਸ ਸਮੇਂ ਕਾਂਗਰਸ ਵਿੱਚ ਆਪਸੀ ਮਤਭੇਦ ਸਨ। ਗਰਮ-ਦਲ ਦੇ ਆਗੂ ਦਾਦਾ ਭਾਈ ਨੌਰੋਜੀ ਨੇ ਪ੍ਰਧਾਨਗੀ ਭਾਸ਼ਨ ਦੌਰਾਨ ਆਖਿਆ, "ਅਸੀਂ ਕੋਈ ਦਾਨ ਨਹੀਂ ਮੰਗਦੇ, ਕੇਵਲ ਨਿਆਂ ਚਾਹੁੰਦੇ ਹਾਂ। ਸਾਡੀ ਮੰਗ ਹੈ- ਸਵਰਾਜ"। ਇਸ ਤੋਂ ਪ੍ਰਭਾਵਿਤ ਹੋ ਕੇ ਅਜੀਤ ਸਿੰਘ ਨੇ ਆਪਣਾ ਰਿਸ਼ਤਾ ਗਰਮ- ਦਲੀਆਂ ਨਾਲ ਜੋੜ ਲਿਆ।

ਅਜੀਤ ਸਿੰਘ ਨੇ 1907 ਵਿੱਚ ਪੰਜਾਬ ਪਹੁੰਚ ਕੇ ਇੱਕ ਸੁਤੰਤਰ ਸੰਸਥਾ 'ਭਾਰਤ ਮਾਤਾ ਸੁਸਾਇਟੀ' ਲਾਹੌਰ ਵਿੱਚ ਸਥਾਪਿਤ ਕੀਤੀ। ਸੂਫ਼ੀ ਅੰਬਾ ਪ੍ਰਸਾਦ, ਲਾਲ ਚੰਦ ਫਲਕ, ਜ਼ਿਆ-ਉਲ-ਹੱਕ, ਕਿਸ਼ਨ ਸਿੰਘ ਅਤੇ ਸਵਰਨ ਸਿੰਘ ਇਸ ਸਭਾ ਦੇ ਮੈਂਬਰ ਬਣ ਗਏ। ਸਰਕਾਰੀ ਰਿਪੋਰਟ ਅਨੁਸਾਰ ਇਸ ਸਭਾ ਦੇ ਮੈਂਬਰਾਂ ਦੀ ਸੂਚੀ ਬਹੁਤ ਲੰਮੀ ਸੀ ਜਿਨ੍ਹਾਂ ਵਿੱਚ ਮਹਿਤਾ ਅਨੰਦ ਕਿਸ਼ੋਰ ਸਕੱਤਰ (ਅੰਜੁਮਨ-ਏ-ਮੋਹਿਬੱਨ-ਏ-ਵਤਨ), ਦੁਨੀ ਚੰਦ (ਲਾਹੌਰ), ਘਸੀਟਾ ਰਾਮ, ਲਾਲ ਪਿੰਡੀ ਦਾਸ ਆਦਿ ਸ਼ਾਮਲ ਸਨ। ਅਜੀਤ ਸਿੰਘ ਨੇ ਇਸ ਸਭਾ ਰਾਹੀਂ ਇਨਕਲਾਬੀ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਪੰਜਾਬ ਸਰਕਾਰ ਨੇ 1906 ਵਿੱਚ ਆਬਾਕਾਰੀ ਬਿੱਲ ਪੇਸ਼ ਕਰਕੇ ਚਨਾਬ ਕਲੋਨੀ ਦੇ ਕਿਸਾਨਾਂ ਦੀ ਨਾਰਾਜ਼ਗੀ ਵਧਾ ਦਿੱਤੀ। ਨਵੰਬਰ 1906 ਵਿੱਚ 'ਬਾਰੀ ਦੋਆਬ ਐਕਟ' ਪਾਸ ਕਰਕੇ ਅਬਿਆਨਾ ਕਰ ਵਧਾ ਦਿੱਤਾ ਜਿਸ ਕਾਰਨ ਅੰਮ੍ਰਿਤਸਰ, ਗੁਰਦਾਸਪੁਰ ਅਤੇ ਲਾਹੌਰ ਇਲਾਕਿਆਂ ਦੇ ਛੋਟੇ ਕਿਸਾਨ ਆਰਥਿਕ ਪੱਖੋਂ ਹੋਰ ਕਮਜ਼ੋਰ ਹੋ ਗਏ। ਅਜੀਤ ਸਿੰਘ ਨੇ ਪੰਜਾਬ ਵਿੱਚ 'ਜ਼ਿਮੀਂਦਾਰਾ ਲੀਗ' ਕਾਇਮ ਕਰਕੇ ਆਬਾਦਕਾਰੀ ਕਾਨੂੰਨ ਅਤੇ ਲਗਾਨ ਵਧਾਉਣ ਵਿਰੁੱਧ ਅੰਦੋਲਨ ਤੇਜ਼ ਕਰ ਦਿੱਤਾ। ਲਾਹੌਰ ਦੇ ਜਲਸਿਆਂ ਵਿੱਚ ਕਿਸ਼ਨ ਸਿੰਘ ਅਤੇ ਲਾਲਾ ਘਸੀਟਾ ਰਾਮ ਵੀ ਭਾਸ਼ਣ ਦਿੰਦੇ ਸਨ। ਅੰਤ ਅਜੀਤ ਸਿੰਘ ਨੇ ਪੂਰੇ ਢਾਈ ਘੰਟੇ ਦਲੀਲਮਈ ਭਾਸ਼ਣ ਦਿੱਤਾ। ਅਜੀਤ ਸਿੰਘ ਦੀ ਵੰਗਾਰ ਸੁਣ ਕੇ 180 ਆਦਮੀ ਚੌਕੜੀਆਂ ਮਾਰ ਕੇ ਬੈਠ ਗਏ। ਸਭਾ ਵਿੱਚ ਸ਼ਾਮਿਲ ਲੋਕਾਂ ਨੇ ਉੱਥੋਂ ਕਦਮ ਪੁੱਟਣ ਤੋਂ ਪਹਿਲਾਂ ਦੇਸ਼ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਦੀ ਰਜ਼ਾਮੰਦੀ ਜ਼ਾਹਿਰ ਕੀਤੀ।



ਅਜੀਤ ਸਿੰਘ ਦਾ ਉਦੇਸ਼ ਕਿਸਾਨ ਅੰਦੋਲਨ ਨੂੰ ਪੱਕੇ ਪੈਰਾਂ ਉਪਰ ਖੜ੍ਹਾ ਕਰਨਾ ਅਤੇ ਫ਼ੌਜ ਵਿੱਚ ਬਗ਼ਾਵਤ ਕਰਵਾਉਣਾ ਸੀ। 3 ਮਾਰਚ 1907 ਨੂੰ ਲਾਇਲਪੁਰ ਵਿਖੇ ਵਿਸ਼ਾਲ ਸਭਾ ਹੋਈ। 'ਝੰਗ ਸਿਆਲ' ਦੇ ਸੰਪਾਦਕ ਬਾਂਕੇ ਦਿਆਲ ਨੇ ਆਪਣੀ ਕਵਿਤਾ "ਪੱਗੜੀ ਸੰਭਾਲ ਓ ਜੱਟਾ" ਨਾਲ ਲੋਕਾਂ ਦੇ ਦਿਲ ਜਿੱਤ ਲਏ। ਅਜੀਤ ਸਿੰਘ ਨੇ ਪੰਜਾਬ ਦਾ ਤੂਫ਼ਾਨੀ ਦੌਰਾ ਸ਼ੁਰੂ ਕਰਕੇ ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਕਸੂਰ, ਗੁਜਰਾਂਵਾਲਾ, ਰਾਵਲਪਿੰਡੀ ਅਤੇ ਮੁਲਤਾਨ ਵਿੱਚ ਖ਼ੁਫ਼ੀਆ ਸਭਾਵਾਂ ਕੀਤੀਆਂ ਅਤੇ ਰਾਜ-ਪ੍ਰਬੰਧ ਨੂੰ ਭੰਗ ਕਰਨ ਲਈ ਭਾਸ਼ਣ ਦਿੱਤਾ। ਲਾਰਡ ਕਿਚਨਰ (1850-1916) ਕਿਸਾਨਾਂ, ਸਿਪਾਹੀਆਂ ਅਤੇ ਫ਼ੌਜੀਆਂ ਦੀ ਬਗ਼ਾਵਤ ਕਾਰਨ ਬਹੁਤ ਪ੍ਰੇਸ਼ਾਨ ਸੀ। ਸਰਕਾਰ ਨੇ ਮਈ 1907 ਵਿੱਚ ਲਾਲਾ ਲਾਜਪਤ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕਾਰਨ ਲਾਹੌਰ ਵਿੱਚ ਦੰਗੇ ਸ਼ੁਰੂ ਹੋ ਗਏ। ਅਜੀਤ ਸਿੰਘ ਨੇ 2 ਜੂਨ 1907 ਨੂੰ ਅੰਮ੍ਰਿਤਸਰ ਵਿਖੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਬਾਅਦ ਵਿੱਚ ਸਰਕਾਰ ਨੇ ਉਨ੍ਹਾਂ ਨੂੰ ਮਾਂਡਲੇ ਜੇਲ੍ਹ ਵਿੱਚੋਂ 11 ਨਵੰਬਰ 1907 ਨੂੰ ਰਿਹਾਅ ਕਰ ਦਿੱਤਾ। 1909 ਵਿੱਚ ਅਜੀਤ ਸਿੰਘ ਨੇ ਪੰਜਾਬ ਆ ਕੇ 'ਪੇਸ਼ਵਾ' ਨਾਮੀ ਰਸਾਲਾ ਸ਼ੁਰੂ ਕੀਤਾ। ਇਸ ਦਾ ਸੰਪਾਦਕ ਸਵਰਨ ਸਿੰਘ ਬਣਾਇਆ। ਬਾਅਦ ਵਿੱਚ ਸੂਫ਼ੀ ਅੰਬਾ ਪ੍ਰਸਾਦ ਨੇ ਇਸਦੇ ਸੰਪਾਦਕ ਵਜੋਂ ਕੰਮ ਕੀਤਾ। ਇਸ ਰਾਹੀਂ ਇਨਕਲਾਬੀ ਸਾਹਿਤ ਦੀ ਰਚਨਾ ਕੀਤੀ। 1932-38 ਦੌਰਾਨ ਅਜੀਤ ਸਿੰਘ ਨੇ ਫਰਾਂਸ, ਸਵਿਟਰਜ਼ਰਲੈਂਡ ਅਤੇ ਜਰਮਨੀ ਵਿੱਚ ਰਹਿੰਦਿਆਂ ਯੂਰਪ ਵਿੱਚ ਕੰਮ ਕਰ ਰਹੇ ਭਾਰਤੀ ਇਨਕਲਾਬੀਆਂ ਨਾਲ ਸੰਪਰਕ ਕੀਤਾ। ਦੂਜੇ ਵਿਸ਼ਵ ਯੁੱਧ (1939-45) ਦੌਰਾਨ ਅਜੀਤ ਸਿੰਘ ਨੇ ਇਟਲੀ ਵਿੱਚ ਰਿਹਾਇਸ਼ ਸਥਾਪਿਤ ਕਰ ਲਈ। ਇੱਥੇ ਉਨ੍ਹਾਂ "ਇੰਡੀਅਨ ਫ਼ਰੀਡਮ ਸੁਸਾਇਟੀ" ਤੇ 'ਆਜ਼ਾਦ ਹਿੰਦ ਫ਼ੌਜ' 1941 (ਜਗਮੋਹਨ ਸਿੰਘ, ਸੈਵ-ਜੀਵਨੀ ਸ੍ਰ. ਅਜੀਤ ਸਿੰਘ) ਦੀ ਸਥਾਪਨਾ ਕੀਤੀ। ਇਹ ਕੰਮ ਸੁਭਾਸ਼ ਚੰਦਰ ਬੋਸ ਤੋਂ ਪਹਿਲਾਂ ਕੀਤਾ ਗਿਆ ਸੀ। ਰੋਮ ਰੇਡੀਓ ਤੋਂ ਅਜੀਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਪ੍ਰਚਾਰ ਕੀਤਾ। ਮਈ 1945 ਵਿੱਚ ਅਜੀਤ ਸਿੰਘ ਨੂੰ ਬ੍ਰਿਟਿਸ਼ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਜਰਮਨੀ ਵਿੱਚ ਫ਼ੌਜੀ ਕੈਦੀਆਂ ਦੇ ਕੈਂਪ ਵਿੱਚ ਰੱਖਿਆ ਗਿਆ। ਜੇਲ੍ਹ ਦੀਆਂ ਸਖ਼ਤੀਆਂ ਕਾਰਨ ਅਜੀਤ ਸਿੰਘ ਦੀ ਸਿਹਤ ਵਿਗੜ ਗਈ। ਦਸੰਬਰ 1946 ਵਿੱਚ ਉਹ ਜਰਮਨੀ ਤੋਂ ਲੰਡਨ ਪਹੁੰਚੇ। 7 ਮਾਰਚ 1947 ਨੂੰ 38 ਸਾਲ ਬਾਅਦ ਕਰਾਚੀ ਪਹੁੰਚੇ ਅਤੇ ਉੱਥੇ ਇੱਕ ਹਫ਼ਤਾ ਠਹਿਰਨ ਪਿੱਛੋਂ ਸਿੱਧੇ ਦਿੱਲੀ ਆ ਗਏ।

ਉਹ ਖ਼ੂਨੀ ਆਜ਼ਾਦੀ ਦੇ ਚੜ੍ਹਦੇ ਸੂਰਜ ਨੂੰ ਦੇਖਣ ਤੋਂ ਪਹਿਲਾਂ ਡਲਹੌਜ਼ੀ ਵਿਖੇ, ਤਾਰਿਆਂ ਦੀ ਨਿੰਮ੍ਹੀ ਲੋਅ ਵਿੱਚ, ਤੜਕੇ ਸਾਢੇ ਤਿੰਨ ਵਜੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। 15 ਅਗਸਤ 1947 ਦਾ ਪਹਿਲਾ ਤਿਰੰਗਾ ਅਜੀਤ ਸਿੰਘ ਦੀ ਅੰਤਿਮ ਯਾਤਰਾ ਸਮੇਂ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਚਾੜ੍ਹਿਆ ਗਿਆ।

# ਕੌਮੀ ਆਜ਼ਾਦੀ ਦੇ 70 ਵਰ੍ਹੇ- ਕੀ ਖੱਟਿਆ, ਕੀ ਪਾਇਆ

ਕੌਮੀ ਆਜ਼ਾਦੀ ਦੇ 70 ਵਰ੍ਹੇ ਪੂਰੇ ਹੋ ਗਏ ਹਨ। ਇਨ੍ਹਾਂ ਵਰ੍ਹਿਆਂ ਦੌਰਾਨ ਇੱਕ ਰਾਸ਼ਟਰ ਵਜੋਂ ਭਾਰਤ ਨੇ ਭਰਵੀਂ ਪ੍ਰਗਤੀ ਕੀਤੀ ਹੈ। ਕਦੇ ਅੰਤਾਂ ਦੀ ਗ਼ੁਰਬਤ ਅਤੇ ਔੜਾਂ ਤੇ ਭੁੱਖਮਰੀਆਂ ਨਾਲ ਜੂਝਣ ਵਾਲਾ ਸਾਡਾ ਮੁਲਕ ਹੁਣ ਦੁਨੀਆਂ ਦੀਆਂ ਉਭਰਦੀਆਂ ਆਰਥਿਕ ਸ਼ਕਤੀਆਂ ਵਿੱਚੋਂ ਇੱਕ ਹੈ। ਹੁਣ ਨਾ ਇਸ ਨੂੰ ਕਿਸੇ ਮੁਲਕ ਤੋਂ ਅਨਾਜ ਮੰਗਵਾਉਣ ਦੀ ਲੋੜ ਹੈ ਅਤੇ ਨਾ ਹੀ ਆਰਥਿਕ ਮਦਦ ਵਰਗੀ ਖ਼ੈਰਾਤ ਮੰਗਣ ਦੀ। ਇਹ ਕੱਪੜਾ ਉਤਪਾਦਨ ਵਿੱਚ ਮੋਹਰੀ ਹੈ, ਦੁੱਧ ਉਤਪਾਦਨ ਵਿੱਚ ਦੁਨੀਆਂ ਦੇ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ, ਪੁਲਾੜ ਤਕਨਾਲੋਜੀ ਪੱਖੋਂ ਅਮਰੀਕਾ, ਰੂਸ ਤੇ ਫਰਾਂਸ ਤੋਂ ਬਹੁਤਾ ਪਿੱਛੇ ਨਹੀਂ, ਕਾਰਾਂ ਤੇ ਦੋ-ਪਹੀਆ ਗੱਡੀਆਂ ਦਾ ਪਮੁੱਖ ਬਰਾਮਦਕਾਰ ਹੈ ਅਤੇ ਹਵਾਈ ਜਹਾਜ਼ਾਂ ਨੂੰ ਛੱਡ ਕੇ ਬਾਕੀ ਹਰ ਸਨਅਤੀ ਵਸਤ ਦੁਨੀਆਂ ਦੇ ਹੋਰਨਾਂ ਦੇਸ਼ਾਂ ਨੂੰ ਵੇਚ ਰਿਹਾ ਹੈ। ਆਲਮੀ ਸੰਮੇਲਨਾਂ ਦੀ ਸਟੇਜ ਉੱਤੇ ਸਾਡੇ ਰਾਜਨੇਤਾਵਾਂ ਨੂੰ ਹੁੱਝਾਂ ਮਾਰ ਕੇ ਆਪਣੀ ਥਾਂ ਨਹੀਂ ਬਣਾਉਣੀ ਪੈਂਦੀ; ਉਨ੍ਹਾਂ ਨੂੰ ਖ਼ੁਦ-ਬ-ਖ਼ੁਦ ਚੰਗੀ ਥਾਂ 'ਤੇ ਖੜ੍ਹਨ ਅਤੇ ਆਪਣੀ ਗੱਲ ਖੁੱਲ੍ਹ ਕੇ ਕਹਿਣ ਦਾ ਸਨਮਾਨ ਮਿਲਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਡੀ ਧਰਤੀ ਹੁਣ ਸਿਰਫ਼ ਸਪੇਰਿਆਂ, ਮਦਾਰੀਆਂ, ਜਾਂਗਲੀਆ ਤੇ ਤਾਂਤਰਿਕਾਂ ਦੀ ਧਰਤੀ ਨਹੀਂ; ਸਿਲੀਕੌਨ ਵਾਦੀ ਦੀਆਂ ਸਿਲਵਟਾਂ ਕੱਢਣ ਵਾਲਿਆਂ ਦੀ ਧਰਤੀ ਹੈ।

ਅਜਿਹੀ ਅਕਸ-ਬਦਲੀ ਦੇ ਬਾਵਜੂਦ ਅਸਲੀ ਮਾਅਨਿਆਂ ਵਿੱਚ ਸਾਡਾ ਮੁਲਕ ਆਲਮੀ ਤਾਕਤ ਨਹੀਂ। ਅਜਿਹੀ ਤਾਕਤ ਬਣਨ ਪੱਖੋਂ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਦਰਅਸਲ, ਮਨੁੱਖੀ ਸਰੋਤ ਵਿਕਾਸ ਨਾਲ ਜੁੜੇ ਸੂਚਕਾਂ ਪੱਖੋਂ ਦੇਖਿਆ ਜਾਵੇ ਤਾਂ ਦੇਸ਼ ਪ੍ਰਗਤੀ ਦੇ ਪੱਥ ਉੱਤੇ ਤੁਰਦਾ ਪ੍ਰਤੀਤ ਹੀ ਨਹੀਂ ਹੁੰਦਾ। ਭ੍ਰਿਸ਼ਟਾਚਾਰ ਤੋਂ ਮੁਕਤੀ ਅਤੇ ਪਾਰਦਰਸ਼ਤਾ ਦੇ ਮਿਆਰਾਂ ਰਾਹੀਂ ਦੁਨੀਆਂ ਦੀ ਦਰਜਾਬੰਦੀ ਕਰਨ ਵਾਲੀ ਜਥੇਬੰਦੀ ਟਰਾਂਸਪੈਰੈਂਸੀ ਇੰਟਰਨੈਸ਼ਨਲ ਦੀ ਸਾਲਾਨਾ ਰਿਪੋਰਟ ਅਨੁਸਾਰ ਸਾਡਾ ਮੁਲਕ ਦੱਖਣ ਏਸ਼ਿਆਈ ਖ਼ਿੱਤੇ ਵਿੱਚ ਸਰਕਾਰੀ ਇਮਾਨਦਾਰੀ ਤੇ ਪਾਰਦਰਸ਼ਤਾ ਪੱਖੋਂ ਪਾਕਿਸਤਾਨ ਤੋਂ ਭਾਵੇਂ ਅੱਗੇ ਹੈ, ਪਰ ਬੰਗਲਾਦੇਸ਼ ਤੋਂ ਪਿੱਛੇ ਹੈ।

ਉਂਜ ਵੀ, ਕੁਲ ਮਿਲਾ ਕੇ ਇਸ ਦਾ ਸਥਾਨ 81ਵਾਂ ਹੈ ਜੋ ਕਿ ਸਚਮੁੱਚ ਸ਼ਰਮਸਾਰ ਕਰਨ ਵਾਲਾ ਹੈ। ਇਸੇ ਤਰ੍ਹਾਂ ਸਾਡੇ ਮੁਲਕ ਕੋਲ ਅਨਾਜ ਦੇ ਇੰਨੇ ਭੰਡਾਰ ਪਏ ਹਨ ਕਿ ਪੂਰਾ ਇੱਕ ਸਾਲ ਖੇਤਾਂ ਵਿੱਚ ਕੁਝ ਵੀ ਨਾ ਉਗਾਏ ਬਿਨਾਂ ਆਪਣੇ ਗੁਜ਼ਾਰਾ ਚਲਾ ਸਕਦਾ ਹੈ, ਪਰ ਇਸ ਦੇ ਬਾਵਜੂਦ ਕੁਲ ਕੌਮੀ ਵਸੋਂ ਦਾ 12.3 ਫ਼ੀ ਸਦ ਹਿੱਸਾ ਅਜਿਹਾ ਹੈ ਜਿਸ ਨੂੰ ਹਰ ਰੋਜ਼ ਦੋ ਡੰਗ ਦੀ ਰੋਟੀ ਨਸੀਬ ਨਹੀਂ ਹੁੰਦੀ। ਇਸੇ ਤਰ੍ਹਾਂ ਬੁਨਿਆਦੀ ਸਿਹਤ ਸੰਭਾਲ, ਜਣੇਪਾ ਮੌਤ ਦਰ ਅਤੇ ਬਾਲ ਮੌਤ ਦਰ ਆਦਿ ਪੱਖੋਂ ਵੀ ਭਾਰਤ ਦੱਖਣੀ ਏਸ਼ੀਆ ਵਿੱਚ ਸਿਰਫ਼ ਪਾਕਿਸਤਾਨ ਤੋਂ ਅੱਗੇ ਹੈ, ਬਾਕੀ ਸਾਰੇ ਸਾਰਕ ਦੇਸ਼ਾਂ ਤੋਂ ਪਿੱਛੇ। ਅੰਨ ਭੰਡਾਰਾਂ ਦੀ ਭਰਪੂਰਤਾ ਦੇ ਬਾਵਜੂਦ ਅੰਨਦਾਤਿਆਂ ਦੀਆਂ ਖ਼ੁਦਕੁਸ਼ੀਆਂ ਦਾ ਜੋ ਰੁਝਾਨ ਸਾਡੇ ਮੁਲਕ ਵਿੱਚ ਹੈ, ਉਹ ਹੋਰ ਕਿਤੇ ਵੀ ਨਹੀਂ। ਅਜਿਹੇ ਨਾਂਹ-ਮੁਖੀ ਪੈਮਾਨਿਆਂ ਦੀ ਫਹਿਰਿਸਤ ਬੜੀ ਲੰਮੀ ਹੈ। ਇਹ ਦਰਸਾਉਂਦੀ ਹੈ ਕਿ ਪਿਛਲੇ 70 ਸਾਲਾਂ ਦੌਰਾਨ ਵਿਕਾਸ ਦੀਆਂ ਤਰਜੀਹਾਂ ਕਿੰਨੀਆਂ ਅਸਾਵੀਆਂ ਰਹੀਆਂ ਹਨ।

ਇਹ ਅਸਾਵੀਆਂ ਤਰਜੀਹਾਂ ਦਾ ਹੀ ਸਿੱਟਾ ਹੈ ਕਿ ਦੇਸ਼ ਨੂੰ ਆਪਣੇ ਵੱਖ ਵੱਖ ਹਿੱਸਿਆਂ ਵਿੱਚ ਅਤਿਵਾਦ ਤੇ ਅਰਾਜਕਤਾ ਵਰਗੀਆਂ ਅਲਾਮਤਾਂ ਨਾਲ ਲਗਾਤਾਰ ਦੋ-ਚਾਰ ਹੋਣਾ ਪੈ ਰਿਹਾ ਹੈ। 1948 ਵਿੱਚ ਜਦੋਂ ਕਸ਼ਮੀਰ ਦਾ ਭਾਰਤ ਨਾਲ ਰਲੇਵਾਂ ਹੋਇਆ ਤਾਂ ਲੋਕ ਰੌਅ ਪਾਕਿਸਤਾਨ-ਪੱਖੀ ਨਹੀਂ ਸੀ, ਹੁਣ ਸਥਿਤੀ ਉਲਟ ਹੈ। ਉੱਤਰ ਪੂਰਬੀ ਰਾਜਾਂ ਵਿੱਚ 1950ਵਿਆਂ ਤੋਂ 1970ਵਿਆਂ ਤਕ ਵਾਲੀ ਅਸ਼ਾਂਤੀ ਭਾਵੇਂ ਹੁਣ ਨਜ਼ਰ ਨਹੀਂ ਆਉਂਦੀ, ਪਰ ਇਨ੍ਹਾਂ ਰਾਜਾਂ ਦੇ ਲੋਕ ਅਜੇ ਵੀ ਬਾਕੀ ਦੇਸ਼ਵਾਸੀਆਂ ਨਾਲ ਇਕਸੁਰ ਨਹੀਂ ਹੋਏ, ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਬਾਕੀ ਦੇਸ਼ ਨੇ ਉੱਤਰ-ਪੂਰਬੀ ਰਾਜਾਂ ਦੇ ਲੋਕਾਂ ਨੂੰ ਆਪਣੀ ਕੌਮੀ ਸੁਹਜ ਦਾ ਅੰਗ ਬਣਾਉਣ ਦਾ ਤਰੱਦਦ ਹੀ ਨਹੀਂ ਕੀਤਾ। ਮਾਓਵਾਦੀ ਹਿੰਸਾ ਦਾ ਦੌਰ-ਦੌਰਾ ਕਰਨਾਟਕ ਤੋਂ ਲੈ ਕੇ ਪੱਛਮੀ ਬੰਗਾਲ ਤਕ ਬਰਕਰਾਰ ਹੈ।

ਇੰਜ ਹੀ, ਜੇਕਰ ਇੱਕ ਵੱਡੀ ਰਾਜਸੀ ਧਿਰ ਨੇ ਅਤੀਤ ਵਿੱਚ ਗ਼ਲਤੀਆਂ ਕੀਤੀਆਂ ਤਾਂ ਹੁਣ ਦੂਜੀ ਰਾਜਸੀ ਧਿਰ ਅਤੀਤ ਵਾਲਾ ਆਈਨਾ ਉਲਟਾਉਣ ਅਤੇ ਸਹਿਣਸ਼ੀਲਤਾ ਤੇ ਸਹਿ-ਹੋਂਦ ਦੇ ਸੰਕਲਪਾਂ ਨੂੰ ਜਰਜਰ ਬਣਾਉਣ 'ਤੇ ਤੁਲੀ ਹੋਈ ਹੈ। 70 ਸਾਲ ਪਹਿਲਾਂ ਲੋਕ ਮਨਾਂ ਵਿੱਚ ਭਵਿੱਖ ਬਾਰੇ ਤੌਖ਼ਲੇ ਸਨ, 70 ਸਾਲ ਬਾਅਦ ਵੀ ਭਵਿੱਖ ਨੂੰ ਲੈ ਕੇ ਤੌਖ਼ਲੇ ਹਨ। ਕੌਮੀ ਤਕਦੀਰ ਦੀ ਤਸਵੀਰ ਹੁਣ ਧੁੰਦਲੀ ਤਾਂ ਨਹੀਂ, ਪਰ ਇਸ ਦੀ ਚਮਕ ਵੀ ਓਨੀ ਨਹੀਂ ਜਿੰਨੀ 70 ਵਰ੍ਹੇ ਪਹਿਲਾਂ ਕਿਆਸੀ ਗਈ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਵਾਮ ਤੇ ਸਰਕਾਰ ਵਿਚਾਲੇ ਸਾਂਝ ਜ਼ਰੂਰੀ: ਕੋਵਿੰਦ

**ਨਵੀਂ ਦਿੱਲੀ–** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 2022 ਤਕ ਨਵੇਂ ਭਾਰਤ ਦੇ ਨਿਰਮਾਣ ਲਈ ਆਵਾਮ ਅਤੇ ਸਰਕਾਰ ਦਰਮਿਆਨ ਭਾਈਵਾਲੀ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਰਾਸ਼ਟਰ ਦੇ ਖ਼ੂਨ ਵਿੱਚ ਹੀ 'ਮਾਨਵੀ ਤੱਤ' ਹਨ ਅਤੇ ਇਹ 'ਰਹਿਮ ਦਿਲ ਸਮਾਜ' ਹੈ । 71ਵੇਂ ਆਜ਼ਾਦੀ ਦਿਹਾੜੇ ਦੀ ਪੂਰਵ ਸੰਧਿਆ ਉਤੇ ਮੁਲਕ ਨੂੰ ਪਲੇਠੇ ਸੰਬੋਧਨ ਵਿੱਚ ਸ੍ਰੀ ਕੋਵਿੰਦ ਨੇ ਆਜ਼ਾਦੀ ਦੇ ਘੋਲ ਵਿੱਚ ਜਵਾਹਰ ਲਾਲ ਨਹਿਰੂ ਸਮੇਤ ਹੋਰ ਆਗੂਆਂ ਦੀ ਭੂਮਿਕਾ ਨੂੰ ਯਾਦ ਕੀਤਾ।



ਉਨ੍ਹਾਂ ਕਿਹਾ ਕਿ ਦੇਸ਼ ਨੂੰ ਗੁਲਾਮੀ ਦੇ ਜੂਲੇ ਤੋਂ ਮੁਕਤ ਕਰਾਉਣ ਵਾਲੀ ਪੀੜ੍ਹੀ ਬਹੁਲਵਾਦੀ ਸੀ, ਜਿਸ ਵਿੱਚ ਮੁਲਕ ਦੇ ਸਾਰੇ ਹਿੱਸਿਆਂ ਤੋਂ ਔਰਤਾਂ ਤੇ ਮਰਦ ਸ਼ਾਮਲ ਸਨ ਅਤੇ ਉਨ੍ਹਾਂ ਦੇ 'ਰਾਜਸੀ ਤੇ ਸਮਾਜਿਕ ਵਿਚਾਰ' ਵੱਖ ਵੱਖ ਸਨ। ਦੇਸ਼ ਵਾਸੀਆਂ ਨੂੰ ਆਜ਼ਾਦੀ ਘੁਲਾਟੀਆਂ ਤੋਂ ਪ੍ਰੇਰਣਾ ਲੈਣ ਲਈ ਕਹਿੰਦਿਆਂ ਸ੍ਰੀ ਕੋਵਿੰਦ ਨੇ ਕਿਹਾ ਕਿ ਦੇਸ਼ ਦੇ ਨਿਰਮਾਣ ਲਈ ਲੋਕਾਂ ਅੰਦਰ ਅੱਜ ਉਹੀ ਜਜ਼ਬਾ ਜਗਾਉਣ ਦੀ ਲੋੜ ਹੈ। ਰਾਸ਼ਟਰਪਤੀ ਨੇ ਕਿਹਾ, 'ਦੇਸ਼ ਦੇ ਨਾਗਰਿਕਾਂ ਤੇ ਸਰਕਾਰ ਵਿਚਾਲੇ ਗੱਠਜੋੜ ਤਹਿਤ ਨੀਤੀ ਤੇ ਕਾਰਵਾਈ ਦੀ ਨੈਤਿਕਤਾ, ਅਨੁਸ਼ਾਸਨ ਤੇ ਬਰਾਬਰੀ ਵਿੱਚ ਵਿਸ਼ਵਾਸ, ਸੱਭਿਆਚਾਰ ਤੇ ਵਿਗਿਆਨ ਦੇ ਸੁਮੇਲ ਵਿੱਚ ਭਰੋਸਾ, ਕਾਨੂੰਨ ਦੇ ਰਾਜ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਨੂੰ ਸਿੱਖਿਅਤ ਕਰਨਾ 'ਤੇ ਜ਼ੋਰ ਦਿੱਤਾ ਜਾਵੇ।' ਉਨ੍ਹਾਂ ਕਿਹਾ ਕਿ ਸਰਕਾਰ ਤੇ ਨਾਗਰਿਕਾਂ, ਵਿਅਕਤੀ ਵਿਸ਼ੇਸ਼ ਤੇ ਸਮਾਜ ਅਤੇ ਇਕ ਪਰਿਵਾਰ ਤੇ ਭਾਈਚਾਰੇ ਦਰਮਿਆਨ ਸਾਂਝ ਨਾਲ ਹੀ ਭਾਰਤ ਦਾ ਨਿਰਮਾਣ ਹੋਇਆ ਹੈ।

ਉਨ੍ਹਾਂ ਕਿਹਾ, 'ਅੱਜ ਵੱਡੇ ਸ਼ਹਿਰਾਂ ਵਿੱਚ ਹੋ ਸਕਦਾ ਅਸੀ ਆਪਣੇ ਗੁਆਂਢੀਆਂ ਨੂੰ ਵੀ ਨਾ ਜਾਣਦੇ ਹੋਈਏ। ਭਾਵੇਂ ਪਿੰਡ ਹੋਵੇ ਜਾਂ ਸ਼ਹਿਰ ਫਿਕਰ ਤੇ ਸਾਂਝ ਦੀ ਉਹੀ ਭਾਵਨਾ ਮੁੜ ਸੁਰਜੀਤ ਕਰਨੀ ਅਹਿਮ ਹੈ, ਜੋ ਸਾਨੂੰ ਹਲੀਮੀ ਤੇ ਖ਼ੁਸ਼ੀ ਬਖ਼ਸ਼ੇਗੀ। ਇਸ ਨਾਲ ਸਾਨੂੰ ਇਕ ਦੂਜੇ ਨੂੰ ਬਿਹਤਰ ਤੇ ਹਮਦਰਦੀ ਨਾਲ ਸਮਝਣ ਵਿੱਚ ਮਦਦ ਮਿਲੇਗੀ। ਭਾਰਤ ਵਿੱਚ ਹਾਲੇ ਵੀ ਹਮਦਰਦੀ ਅਤੇ ਸਮਾਜ ਸੇਵਾ ਦੀ ਭਾਵਨਾ ਬਚੀ ਹੋਈ ਹੈ।'

# ਗੋਰਖਪੁਰ ਤ੍ਰਾਸਦੀ: ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਰਿਪੋਰਟ ਤਲਬ

**ਗੋਰਖਪੁਰ–** ਉਤਰ ਪ੍ਰਦੇਸ਼ ਦੇ ਗੋਰਖਪੁਰ ਸਥਿਤ ਸਰਕਾਰੀ ਹਸਪਤਾਲ ਵਿੱਚ ਬੱਚਿਆਂ ਦੀਆਂ ਮੌਤਾਂ ਦੇ ਮੱਦੇਨਜ਼ਰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ ਐਚ ਆਰ ਸੀ) ਨੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਰਿਪੋਰਟ ਤਲਬ ਕੀਤੀ ਹੈ। ਦੂਜੇ ਪਾਸੇ ਬੀਤੇ ਤਿੰਨ ਦਿਨਾਂ ਦੌਰਾਨ ਹਸਪਤਾਲ ਵਿੱਚ ਜਪਾਨੀ ਬੁਖ਼ਾਰ ਕਾਰਨ ਛੇ ਹੋਰ ਬੱਚਿਆਂ ਦੀ ਮੌਤ ਹੋਣ ਦੀ ਖ਼ਬਰ ਹੈ। ਇਹ ਮੌਤਾਂ 12 ਤੋਂ 14 ਅਗਸਤ ਦੌਰਾਨ ਹੋਈਆਂ। ਐਨ ਐਚ ਆਰ ਸੀ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਨੋਟਿਸ ਭੇਜ ਕੇ ਕਿਹਾ ਹੈ ਕਿ ਇਸ ਮਾਮਲੇ ਵਿੱਚ ਚੁੱਕੇ ਗਏ ਰਾਹਤ ਕਦਮਾਂ, ਪੀੜਤ ਪਰਿਵਾਰਾਂ ਦੇ ਮੁੜਵਸੇਬੇ ਤੇ ਦੋਸ਼ੀਆਂ ਖ਼ਿਲਾਫ਼ ਕੀਤੀ ਗਈ ਕਾਰਵਾਈ ਸਬੰਧੀ ਚਾਰ ਹਫ਼ਤਿਆਂ ਵਿੱਚ ਤਫ਼ਸੀਲੀ ਰਿਪੋਰਟ ਦਿੱਤੀ ਜਾਵੇ। ਕਮਿਸ਼ਨ ਨੇ ਇਸ ਮਾਮਲੇ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਇਕ ਬਿਆਨ ਵਿੱਚ ਕਿਹਾ, "ਇਸ ਤੋਂ ਹਸਪਤਾਲ ਪ੍ਰਸ਼ਾਸਨ ਅਤੇ ਯੂਪੀ ਸਰਕਾਰ ਦੇ ਸਿਹਤ ਸਿੱਖਿਆ ਤੇ ਸਿਹਤ ਵਿਭਾਗ ਦੀ ਭਾਰੀ ਕੋਤਾਹੀ ਦਾ ਪਤਾ ਲੱਗਦਾ ਹੈ।"

ਇਸ ਦੌਰਾਨ ਇਸ ਘਟਨਾ ਪਿੱਛੋਂ ਯੂਪੀ ਸਰਕਾਰ ਵੱਲੋਂ ਹਸਪਤਾਲ ਦੇ ਨੋਡਲ ਅਫ਼ਸਰ ਡਾ. ਕਫ਼ੀਲ ਖ਼ਾਨ ਦਾ ਤਬਾਦਲਾ ਕੀਤੇ ਜਾਣ ਦਾ ਵਿਰੋਧ ਕਰਦਿਆਂ ਨਵੀਂ ਦਿੱਲੀ ਦੇ ਏਮਜ਼ ਦੇ ਰੈਜ਼ੀਡੈਂਟ ਡਾਕਟਰਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਹਰਜੀਤ ਸਿੰਘ ਭੱਟੀ ਨੇ ਦੋਸ਼ ਲਾਇਆ ਕਿ ਯੂਪੀ ਸਰਕਾਰ ਇਕ ਡਾਕਟਰ ਨੂੰ 'ਬਲੀ ਦਾ ਬੱਕਰਾ' ਬਣਾ ਰਹੀ ਹੈ।

# ਨਰਮਾ ਬਚਾਉਣ ਲਈ ਸਰਕਾਰ ਨੇ ਚੁੱਕੀ ਸਪਰੇਅ

**ਬਠਿੰਡਾ–** ਪੰਜਾਬ ਸਰਕਾਰ ਨਰਮਾ ਪੱਟੀ ਵਿੱਚ ਚਿੱਟੀ ਮੱਖੀ ਕਾਰਨ 'ਖ਼ਤਰੇ ਦੇ ਨਿਸ਼ਾਨ' ਤੱਕ ਪੁੱਜੇ ਖੇਤਾਂ ਨੂੰ ਬਚਾਉਣ ਲਈ ਮੁਹਿੰਮ ਚਲਾਏਗੀ। ਜਿਹੜੇ ਖੇਤਾਂ ਵਿੱਚ ਹਾਲਾਤ ਫ਼ਸਲ ਵਾਹੁਣ ਤੱਕ ਪੁੱਜ ਗਏ ਹਨ, ਉਨ੍ਹਾਂ ਨੂੰ ਖੇਤੀਬਾੜੀ ਵਿਭਾਗ 'ਨੁਮਾਇਸ਼ੀ ਖੇਤਾਂ' ਵਜੋਂ ਅਪਣਾਏਗਾ ਅਤੇ ਇਨ੍ਹਾਂ ਵਿੱਚ ਕੀਟਨਾਸ਼ਕ ਛਿੜਕਣ ਦਾ ਸਾਰਾ ਖ਼ਰਚਾ ਸਰਕਾਰ ਝੱਲੇਗੀ। ਖੇਤੀਬਾੜੀ ਮਹਿਕਮੇ ਵੱਲੋਂ 'ਪ੍ਰਦਰਸ਼ਨੀ ਪਲਾਟਾਂ' ਲਈ ਪ੍ਰਤੀ ਏਕੜ ਜਿਹੜੇ ਤਿੰਨ ਹਜ਼ਾਰ ਰੁਪਏ ਖ਼ਰਚੇ ਜਾਂਦੇ ਹਨ, ਉਹ ਹੁਣ ਖ਼ਤਰੇ 'ਚ ਘਿਰੇ 'ਨੁਮਾਇਸ਼ੀ ਪਲਾਟਾਂKਖੇਤਾਂ' 'ਤੇ ਖ਼ਰਚੇ ਜਾਣਗੇ। ਖੇਤੀ ਮਹਿਕਮੇ ਵੱਲੋਂ ਅਜਿਹੇ ਖੇਤਾਂ ਦੀ ਸ਼ਨਾਖ਼ਤ ਕੀਤਾ ਜਾਵੇਗੀ, ਜਿਨ੍ਹਾਂ ਦੇ ਮਾਲਕ ਕਿਸਾਨ ਹਥਿਆਰ ਸੁੱਟ ਬੈਠੇ ਹਨ।



ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਨਰਮਾ ਪੱਟੀ ਦੇ ਗੇੜੇ ਮਗਰੋਂ ਬਠਿੰਡਾ ਵਿੱਚ ਅੰਤਰਰਾਜੀ ਸਲਾਹਕਾਰ ਅਤੇ ਮੌਨੀਟਰਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਖੇਤੀ ਮਹਿਕਮੇ ਦੇ ਕਰੀਬ ਸਵਾ ਸੌ ਅਫ਼ਸਰ ਪੁੱਜੇ ਹੋਏ ਸਨ। ਇਸ ਵਿੱਚ ਹਰਿਆਣਾ ਤੇ ਰਾਜਸਥਾਨ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਮੀਟਿੰਗ ਦੀ ਪ੍ਰਧਾਨਗੀ ਵਧੀਕ ਮੁੱਖ ਸਕੱਤਰ ਐਮ.ਪੀ.ਸਿੰਘ ਨੇ ਕੀਤੀ ਤੇ ਉਨ੍ਹਾਂ ਨੇ ਚਿੱਟੀ ਮੱਖੀ ਨੂੰ ਪਛਾੜਨ ਲਈ ਫ਼ੌਰੀ ਮੁਹਿੰਮ ਵਿੱਢਣ ਦੀ ਹਦਾਇਤ ਦਿੱਤੀ। ਸਕੀਮ ਇਹ ਹੈ ਕਿ ਜਿੱਥੇ ਚਿੱਟੀ ਮੱਖੀ ਕਾਰਨ ਹਾਲਾਤ ਗੰਭੀਰ ਹਨ, ਉਨ੍ਹਾਂ ਖੇਤਾਂ ਨੂੰ ਸਰਕਾਰੀ ਖਰਚੇ 'ਤੇ ਕੀਟਨਾਸ਼ਕ ਛਿੜਕ ਕੇ ਬਚਾਇਆ ਜਾਵੇਗਾ। ਖੇਤੀਬਾੜੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਜਿਹੜੇ ਖੇਤਾਂ 'ਤੇ ਚਿੱਟੀ ਮੱਖੀ ਦਾ ਹੱਲਾ ਜ਼ਿਆਦਾ ਹੈ, ਉਨ੍ਹਾਂ ਖੇਤਾਂ 'ਚੋਂ ਕੁਝ ਖੇਤਾਂ ਨੂੰ 'ਨੁਮਾਇਸ਼ੀ ਪਲਾਟਾਂ' ਵਜੋਂ ਵਿਭਾਗ ਆਪਣੀ ਨਿਗਰਾਨੀ ਹੇਠ ਲਿਆਵੇਗਾ। ਖੇਤੀ ਅਫ਼ਸਰ ਖ਼ੁਦ ਦੇਖ-ਰੇਖ ਕਰ ਕੇ ਸਿਫਾਰਸ਼ ਕੀਤੇ ਕੀਟਨਾਸ਼ਕ ਛਿੜਕਾਉਣਗੇ ਅਤੇ ਦਵਾਈਆਂ ਦਾ ਖਰਚਾ ਖੇਤੀ ਮਹਿਕਮਾ ਕਰੇਗਾ ਪਰ ਇਹ ਸਿਰਫ਼ 'ਅਤਿ ਨਾਜ਼ੁਕ' ਹਾਲਾਤ ਵਾਲੇ ਖੇਤਾਂ ਲਈ ਹੈ। ਇਨ੍ਹਾਂ ਖੇਤਾਂ ਦੀ ਵੀਡੀਓਗਰਾਫ਼ੀ ਵੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਹਾਲ ਦੀ ਘੜੀ ਹਾਲਾਤ ਕਾਬੂ ਵਿੱਚ ਹਨ। ਅੱਜ ਦੀ ਮੀਟਿੰਗ ਵਿੱਚ ਖੇਤੀਬਾੜੀ ਮਹਿਕਮੇ ਦੇ ਡਾਇਰੈਕਟਰ ਜਸਬੀਰ ਸਿੰਘ ਬੈਂਸ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਵੀ ਸ਼ਾਮਲ ਸਨ ਤੇ ਉਨ੍ਹਾਂ ਨੇ ਮੌਜੂਦਾ ਹਾਲਾਤ ਬਾਰੇ ਜਾਣਕਾਰੀ ਦਿੱਤੀ।

ਖੇਤੀਬਾੜੀ ਅਫ਼ਸਰਾਂ ਨੇ ਜ਼ਿਲ੍ਹਾ ਫ਼ਾਜ਼ਿਲਕਾ ਦੇ ਔੜ ਝੱਲ ਰਹੇ ਪਿੰਡ ਕੱਲਰਖੇੜਾ ਅਤੇ ਉਸਮਾਨਖੇੜਾ ਦਾ ਦੌਰਾ ਕੀਤਾ। ਡਾਇਰੈਕਟਰ ਸ੍ਰੀ ਬੈਂਸ ਦਾ ਕਹਿਣਾ ਹੈ ਕਿ ਨਹਿਰੀ ਪਾਣੀ ਦੀ ਕਮੀ ਚਿੱਟੀ ਮੱਖੀ ਨੂੰ ਕਾਬੂ ਕਰਨ ਵਿੱਚ ਵੱਡਾ ਅੜਿੱਕਾ ਹੈ। ਨਹਿਰੀ ਪਾਣੀ ਨੂੰ ਫੌਰੀ ਖੇਤਾਂ ਤੱਕ ਪੁੱਜਦਾ ਕਰਨਾ ਵੀ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਪਿੰਡ ਭਾਰੂ ਦੇ ਸਰਪੰਚ ਗੁਰਮੀਤ ਸਿੰਘ ਦਾ ਕਹਿਣਾ ਸੀ ਕਿ ਇਲਾਕੇ ਦੇ ਕਰੀਬ ਦਰਜਨ ਪਿੰਡਾਂ ਵਿੱਚ ਨਹਿਰੀ ਪਾਣੀ ਦੀ ਵੱਡੀ ਤੋਟ ਹੈ, ਜਿਸ ਕਰ ਕੇ ਚਿੱਟੀ ਮੱਖੀ ਦਾ ਪਸਾਰਾ ਵਧ ਗਿਆ ਹੈ। ਇਸ ਮਾਮਲੇ ਸਬੰਧੀ ਵਧੀਕ ਮੁੱਖ ਸਕੱਤਰ ਐਮ.ਪੀ. ਸਿੰਘ ਨੇ ਸਿੰਜਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਨਾਲ ਗੱਲਬਾਤ ਕੀਤੀ ਹੈ ਤੇ ਲੰਬੀ ਡ੍ਰਿਸਟ੍ਰੀਬਿਊਟਰੀ ਵਿੱਚ ਪਾਣੀ ਫੌਰੀ ਛੱਡਣ ਦੀ ਹਦਾਇਤ ਕੀਤੀ ਗਈ ਹੈ। ਖੇਤੀਬਾੜੀ ਵਿਭਾਗ ਵੱਲੋਂ ਉਸ ਇੱਕ ਲੱਖ ਹੈਕਟੇਅਰ ਰਕਬੇ 'ਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇਗੀ, ਜਿਸ ਦੀ ਬਿਜਾਈ ਪਿਛੇਤੀ ਹੋਈ ਹੈ।

# ਤੀਹਰਾ ਤਲਾਕ: ਨਵੀ ਪਟੀਸ਼ਨ ਖਾਰਜ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਤੀਹਰੇ ਤਲਾਕ ਅਤੇ ਇੱਕ ਹੀ ਸਮੇਂ ਇੱਕ ਤੋਂ ਵੱਧ ਪਤਨੀਆਂ ਰੱਖਣ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀ ਤਾਜ਼ਾ ਪਟੀਸ਼ਨ ਦੀ ਸੁਣਵਾਈ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਹੈ ਕਿ ਮਾਮਲਾ ਪਹਿਲਾਂ ਹੀ ਅਦਾਲਤ ਦੇ ਵਿਚਾਰ ਅਧੀਨ ਹੈ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਦੇਸ਼ ਨਾਲ ਸਬੰਧਤ ਪਟੀਸ਼ਨਾਂ ਉੱਤੇ ਪਹਿਲਾਂ ਹੀ ਸੁਣਵਾਈ ਚੱਲ ਰਹੀ ਹੈ। ਇਸ ਲਈ ਨਵੀਂ ਪਟੀਸ਼ਨ ਉੱਤੇ ਸੁਣਵਾਈ ਦੀ ਅਦਾਲਤ ਕੋਈ ਲੋੜ ਨਹੀਂ ਸਮਝਦੀ। ਇਹ ਫੈਸਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਜੇ ਐੱਸ ਖੇਹਰ ਅਤੇ ਜਸਟਿਸ ਡੀ ਵਾਈ ਚੰਦਰ ਚੂਹੜ ਉੱਤੇ ਅਧਾਰਤ ਬੈਂਚ ਨੇ ਸੁਣਾਇਆ ਹੈ। ਇਹ ਪਟੀਸ਼ਨ ਗੁਰੂਦਾਸ ਮਿੱਤਰਾ ਨੇ ਦਾਇਰ ਕੀਤੀ ਸੀ।

# ਬਦਤਮੀਜ਼ੀ: ਭਾਰਤ ਨੇ ਚੀਨ ਕੋਲ ਕੀਤੀ ਹਵਾਈ ਕੰਪਨੀ ਦੀ ਸ਼ਿਕਾਇਤ

**ਪੇਈਚਿੰਗ–** ਚੀਨ ਦੇ ਸ਼ੰਘਾਈ ਪੁਡੋਂਗ ਅੰਤਰਾਰਸ਼ਟਰੀ ਹਵਾਈ ਅੱਡੇ ਉੱਤੇ ਭਾਰਤੀ ਮੁਸਾਫਿਰਾਂ ਦੇ ਨਾਲ ਹਵਾਈ ਅੱਡੇ ਦੇ ਮੁਲਾਜ਼ਮਾਂ ਵੱਲੋਂ ਕੀਤੀ ਬਦਤਮੀਜ਼ੀ ਦਾ ਮਾਮਲਾ ਭਾਰਤ ਨੇ ਚੀਨ ਅੱਗੇ ਰੱਖਿਆ ਹੈ। ਭਾਰਤੀ ਮੂਲ ਦੇ ਇੱਕ ਮੁਸਾਫਿਰ ਨੇ ਇਸ ਮਾਮਲੇ ਨੂੰ ਉਜਾਗਰ ਕਰਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੋਂ ਮੰਗ ਕੀਤੀ ਹੈ ਕਿ ਜਦੋਂ ਤਕ ਚੀਨ ਨਾਲ ਤਕਰਾਰ ਚੱਲ ਰਿਹਾ ਹੈ ,ਉਦੋਂ ਤਕ ਭਾਰਤੀ ਮੁਸਾਫਿਰਾਂ ਨੂੰ ਸਲਾਹ ਦਿੱਤੀ ਜਾਵੇ ਕਿ ਉਹ ਚੀਨ ਦੇ ਟਰਾਂਜ਼ਿਟ ਵੀਜ਼ੇ ਤੋਂ ਸੰਕੋਚ ਕਰਨ। ਦੂਜੇ ਪਾਸੇ ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਸੀਸੀਟੀਵੀ ਫੁਟੇਜ਼ ਅਤੇ ਹੋਰ ਸਬੰਧਤ ਸਾਮਾਨ ਦੀ ਜਾਂਚ ਪੜਤਾਲ ਤੋਂ ਇਸ ਤਰ੍ਹਾਂ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਇਸ ਜਹਾਜ਼ ਦੇ ਮੁਸਾਫਿਰਾਂ ਨੇ ਸ਼ੰਘਾਈ ਤੋਂ ਅਮਰੀਕਾ ਜਾਣ ਲਈ ਸ਼ੰਘਾਈ ਪੁਡੋਂਗ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਜਹਾਜ਼ ਬਦਲਣਾ ਸੀ। ਸਬੰਧਤ ਅਮਲੇ ਦੇ ਮਾੜੇ ਸਲੂਕ ਬਾਰੇ ਜਦੋਂ ਸ਼ਿਕਾਇਤ ਕੀਤੀ ਗਈ ਤਾਂ ਅਧਿਕਾਰੀ ਨੇ ਉਸ ਨੂੰ ਉੱਚਾ ਬੋਲ ਕੇ ਚੁੱਪ ਕਰਵਾ ਦਿੱਤਾ। ਉਸ ਦੀ ਸਰੀਰਕ ਭਾਸ਼ਾ ਤੋਂ ਇਹ ਜਾਪਿਆ ਕਿ ਉਹ ਭਾਰਤ ਤੇ ਚੀਨ ਵਿੱਚ ਚੱਲ ਰਹੇ ਸਰਹੱਦੀ ਵਿਵਾਦ ਕਾਰਨ ਪ੍ਰੇਸ਼ਾਨ ਸੀ।



# ਖਾਪ ਪੰਚਾਇਤਾਂ ਵੱਲੋਂ ਹਿੰਦੂ ਮੈਰਿਜ ਐਕਟ ਵਿੱਚ ਸੋਧ ਦੀ ਮੰਗ

**ਚੰਡੀਗੜ੍ਹ–** ਖਾਪ ਪੰਚਾਇਤਾਂ ਨੇ ਇਕੋ ਪਿੰਡ ਤੇ ਇਕੋ ਗੋਤ ਦੇ ਲੋਕਾਂ ਦੇ ਆਪਸੀ ਵਿਆਹਾਂ ਨੂੰ ਰੋਕਣ ਲਈ ਹਿੰਦੂ ਮੈਰਿਜ ਐਕਟ ਵਿੱਚ ਸੋਧ ਕਰਨ ਦੀ ਮੰਗ ਕੀਤੀ ਹੈ। ਖਾਪ ਨੇ ਇਸ ਮਾਮਲੇ ਨੂੰ ਵਿਚਾਰਣ ਤੇ ਇਸ ਸਬੰਧੀ ਸਰਕਾਰ 'ਤੇ ਦਬਾਅ ਬਣਾਉਣ ਲਈ ਸਤੰਬਰ ਮਹੀਨੇ ਦੇ ਆਖਰੀ ਹਫਤੇ ਵਿੱਚ ਜੀਂਦ ਜ਼ਿਲ੍ਹੇ 'ਚ ਕੰਡੇਲਾ ਖਾਪ ਦੇ ਇਤਿਹਾਸਕ ਚੌਂਤਰੇ 'ਤੇ ਉੱਤਰ ਭਾਰਤ ਦੀਆਂ ਸਾਰੀਆਂ ਖਾਪ ਪੰਚਾਇਤਾਂ ਦੀ ਇਕ ਮੀਟਿੰਗ ਕਰਨ ਦਾ ਐਲਾਨ ਵੀ ਕੀਤਾ ਹੈ।

ਕੰਡੇਲਾ ਖਾਪ ਦੇ ਪ੍ਰਧਾਨ ਤੇ ਸਰਵ ਜਾਤਿ ਖਾਪ ਪੰਚਾਇਤ ਹਰਿਆਣਾ ਦੇ ਕੌਮੀ ਕਨਵੀਨਰ ਟੇਕ ਰਾਮ ਕੰਡੇਲਾ ਦੀ ਅਗਵਾਈ ਹੇਠ ਅੱਜ ਕੰਡੇਲਾ ਵਿਖੇ ਵੱਖ ਵੱਖ ਖਾਪ ਪੰਚਾਇਤਾਂ ਦੇ ਨੁਮਾਇੰਦੇ ਇਕੱਤਰ ਹੋਏ। ਇਸ ਦੌਰਾਨ ਸ੍ਰੀ ਕੰਡੇਲਾ ਨੇ ਕਿਹਾ ਕਿ ਇਕੋ ਗੋਤ ਅਤੇ ਅਜਿਹੇ ਪਿੰਡ ਜਿੱਥੇ ਜ਼ਿਆਦਾਤਰ ਇਕ ਹੀ ਗੋਤ ਦੇ ਲੋਕ ਹਨ, ਵਿਚਕਾਰ ਹੁੰਦੇ ਆਪਸੀ ਵਿਆਹ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੇ ਹਨ ਜੋ ਕਿ ਤਣਾਅ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨਕ ਤੌਰ 'ਤੇ ਵੀ ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਇਕ ਹੀ ਗੋਤ ਦੇ ਲੋਕਾਂ ਵਿੱਚ ਵਿਆਹ ਹੋਣ ਕਾਰਨ ਬੱਚੇ ਤੰਦਰੁਸਤ ਪੈਦਾ ਨਹੀਂ ਹੁੰਦੇ।

ਉਨ੍ਹਾਂ ਕਿਹਾ ਕਿ ਕੰਡੇਲਾ ਖਾਪ ਪਹਿਲਾਂ ਵੀ ਸਮਾਜਿਕ ਮਾਮਲਿਆਂ ਵਿੱਚ ਸੁਧਾਰ ਸਬੰਧੀ ਕਦਮ ਚੁੱਕਦੀ ਰਹੀ ਹੈ ਅਤੇ ਹੁਣ ਹਾਲ ਹੀ ਵਿੱਚ ਇਸ ਵੱਲੋਂ ਲਏ ਗਏ ਫੈਸਲਿਆਂ ਵਿੱਚ ਵਿਆਹ ਸਮਾਗਮਾਂ 'ਚ ਡੀ.ਜੇ. ਚਲਾਉਣ ਤੇ ਗੋਲੀਆਂ ਚਲਾਉਣ 'ਤੇ ਪੂਰਨ ਪਾਬੰਦੀ ਦਾ ਫੈਸਲਾ ਸ਼ਾਮਲ ਹੈ। ਖਾਪ ਨੇ ਕਿਸੇ ਵਿਅਕਤੀ ਦੀ ਮੌਤ 'ਤੇ ਰੋਟੀ ਕਰਨ 'ਤੇ ਵੀ ਪਾਬੰਦੀ ਲਾ ਦਿੱਤੀ ਹੈ।

ਇਸ ਤੋਂ ਇਲਾਵਾ ਸੋਗ ਦਾ ਸਮਾਂ ਵੀ 13 ਦਿਨਾਂ ਤੋਂ ਘਟਾ ਕੇ ਸੱਤ ਦਿਨ ਕਰ ਦਿੱਤਾ ਗਿਆ ਹੈ। ਖਾਪ ਆਗੂਆਂ ਨੇ ਨੌਜਵਾਨ ਪੀੜ੍ਹੀ ਵਿੱਚ ਵੱਧ ਰਹੇ ਨਸ਼ੇ ਦੇ ਰੁਝਾਨ ਅਤੇ ਰਾਜ ਵਿੱਚ ਡਿੱਗ ਰਹੇ ਧਰਤੀ ਹੇਠਲੇ ਪਾਣੀ ਦੇ ਪੱਧਰ 'ਤੇ ਵੀ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸਤੰਬਰ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਇਨ੍ਹਾਂ ਮਸਲਿਆਂ ਬਾਰੇ ਵੀ ਚਰਚਾ ਕੀਤੀ ਜਾਵੇਗੀ।

# ਵੱਡੇ ਸ਼ਹਿਰਾਂ ਨੂੰ ਨਹਿਰਾਂ ਰਾਹੀ ਪਾਣੀ ਦੇਵੇਗੀ ਪੰਜਾਬ ਸਰਕਾਰ

**ਅੰਮ੍ਰਿਤਸਰ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਪੰਜਾਬ ਦੇ ਚਾਰ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਪਟਿਆਲਾ ਵਿੱਚ ਨਹਿਰੀ ਪਾਣੀ ਦੀ ਪੀਣ ਲਈ ਵਰਤੋਂ ਕੀਤੀ ਜਾਵੇਗੀ। ਇਸ ਵਾਸਤੇ ਵਿਸ਼ਵ ਬੈਂਕ ਵੱਲੋਂ ਤਿੰਨ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਐਲਾਨ ਕੀਤਾ ਕਿ ਕੇਬਲ ਕੰਪਨੀਆਂ ਨੂੰ ਕਿਸੇ ਚੈਨਲ 'ਤੇ ਰੋਕ ਲਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸੂਬੇ 'ਚ ਝੋਨੇ ਦਾ ਬਦਲ ਲੱਭਣ ਲਈ ਇਸਰਾਇਲੀ ਮਾਹਿਰਾਂ ਦੀ ਮਦਦ ਲਈ ਜਾਵੇਗੀ।

ਪੱਤਰਕਾਰ ਸੰਮੇਲਨ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ ਅਤੇ ਇਹ ਦੂਸ਼ਿਤ ਵੀ ਹੋ ਰਿਹਾ ਹੈ। ਇਸ ਲਈ ਪੀਣ ਵਾਸਤੇ ਨਹਿਰੀ ਪਾਣੀ ਦੀ ਵਰਤੋਂ ਦੀ ਯੋਜਨਾ ਬਣਾਈ ਗਈ ਹੈ। ਪਹਿਲੇ ਪੜਾਅ ਤਹਿਤ ਚਾਰ ਵੱਡੇ ਸ਼ਹਿਰਾਂ ਨੂੰ ਨਹਿਰਾਂ ਰਾਹੀਂ ਪਾਣੀ ਸਪਲਾਈ ਕੀਤਾ ਜਾਵੇਗਾ, ਜਿਸ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਹੋਵੇਗੀ। ਅੰਮ੍ਰਿਤਸਰ ਨੂੰ ਬਿਆਸ ਦਰਿਆ ਤੋਂ ਪਾਣੀ ਸਪਲਾਈ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਵਿਕਾਸ ਲਈ 556.90 ਕਰੋੜ ਰੁਪਏ ਦੇ ਪ੍ਰਾਜੈਕਟ ਉਲੀਕੇ ਗਏ ਹਨ, ਜਿਸ ਤਹਿਤ 200 ਕਰੋੜ ਰੁਪਏ ਦਾ ਨਿਵੇਸ਼ ਸਮਾਰਟਸਿਟੀ ਯੋਜਨਾ ਤਹਿਤ ਹੋਵੇਗਾ। ਇਸ 'ਚੋਂ 100 ਕਰੋੜ ਰੁਪਏ ਸੂਬਾਈ ਸਰਕਾਰ ਅਤੇ ਸੌ ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਖਰਚੇ ਜਾਣਗੇ। ਇਸ ਤਹਿਤ ਰਣਜੀਤ ਐਵੀਨਿਊ ਵਿੱਚ 25 ਏਕੜ 'ਚ ਬਹੁਮੰਤਵੀ ਸਟੇਡੀਅਮ ਲਈ 35 ਕਰੋੜ ਰੁਪਏ , ਦੁਰਗਿਆਣਾ ਮੰਦਿਰ ਦੇ ਸੁੰਦਰੀਕਰਨ ਲਈ 25 ਕਰੋੜ ਖਰਚੇ ਜਾਣਗੇ। ਨਗਰ ਨਿਗਮ ਚੋਣਾਂ 'ਚ ਔਰਤਾਂ ਲਈ 50 ਫ਼ੀਸਦ ਰਾਖਵੇਂਕਰਨ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ 'ਚ ਬੇਘਰੇ ਲੋਕਾਂ ਲਈ ਫਲੈਟ ਬਣਾਉਣ ਦੀ ਯੋਜਨਾ ਵੀ ਉਲੀਕੀ ਗਈ ਹੈ। ਅੰਮ੍ਰਿਤਸਰ 'ਚ ਫਾਇਰ ਸਰਵਿਸ ਦਾ ਰਾਜ ਪੱਧਰੀ ਡਾਇਰੈਕਟੋਰੇਟ ਸਥਾਪਤ ਕਰਨ ਦਾ ਐਲਾਨ ਵੀ ਕੀਤਾ।



ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਕੇਬਲ ਕੰਪਨੀ ਨੂੰ ਕਿਸੇ ਚੈਨਲ 'ਤੇ ਰੋਕ ਲਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਫਾਸਟਵੇਅ ਕੇਬਲ ਕੰਪਨੀ ਸਬੰਧੀ ਫਾਈਲ ਉਨ੍ਹਾਂ ਕੋਲ ਪੁੱਜਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਖੁਲਾਸਾ ਕੀਤਾ ਕਿ ਇਸਰਾਈਲ ਦੇ ਖੇਤੀ ਮਾਹਿਰਾਂ ਦੀ ਮਦਦ ਨਾਲ ਪੰਜਾਬ 'ਚ ਝੋਨੇ ਦਾ ਬਦਲ ਲੱਭਿਆ ਜਾਵੇਗਾ।

ਇਸ ਵਾਸਤੇ ਉਹ 30 ਅਗਸਤ ਨੂੰ 7 ਦਿਨਾਂ ਇਸਰਾਈਲ ਦੌਰੇ 'ਤੇ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਯੋਜਨਾ ਲਿਆਂਦੀ ਗਈ ਹੈ, ਜਿਸ ਦਾ ਦਸ ਲੱਖ ਕਿਸਾਨਾਂ ਨੂੰ ਲਾਭ ਹੋਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਚਿੱਟੀ ਮੱਖੀ ਦੇ ਹਮਲੇ ਨੂੰ ਖ਼ਤਮ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਨਿਗਰਾਨੀ ਹੇਠ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ। ਨਸ਼ਾ ਰੋਕੂ ਮੁਹਿੰਮ ਬਾਰੇ ਉਨ੍ਹਾਂ ਕਿਹਾ ਕਿ ਹੁਣ ਤਕ 6900 ਨਸ਼ਾ ਤਸਕਰ ਕਾਬੂ ਕੀਤੇ ਗਏ ਹਨ। ਇਸ ਮੌਕੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਮੌਜੂਦ ਸਨ।

### ਅੰਸਾਰੀ ਦੇ ਬਿਆਨ ਨਾਲ ਅਸਹਿਮਤੀ ਪ੍ਰਗਟਾਈ

ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੇ ਦੇਸ਼ ਵਿੱਚ ਘੱਟ ਗਿਣਤੀਆਂ ਦੇ ਅਸੁਰੱਖਿਅਤ ਹੋਣ ਬਾਰੇ ਬਿਆਨ 'ਤੇ ਅਸਹਿਮਤੀ ਪ੍ਰਗਟਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਘੱਟ ਗਿਣਤੀ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਦੇਸ਼ 'ਚ ਵੀ ਇਸ ਤਰ੍ਹਾਂ ਦੀ ਕੋਈ ਗੱਲਬਾਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਰੂਸ ਤੇ ਮਹਿੰਦਰਾ ਕੰਪਨੀ ਵੱਲੋਂ ਪੰਜਾਬ ਵਿੱਚ ਇਲੈਕਟ੍ਰਾਨਿਕ ਕਾਰਾਂ ਦੇ ਪਲਾਂਟ ਲਗਾਉਣ ਦੀ ਇੱਛਾ ਪ੍ਰਗਟਾਈ ਗਈ ਹੈ, ਜਿਸ ਲਈ ਸਰਕਾਰ ਵੱਲੋਂ ਜ਼ਮੀਨ ਮੁਹੱਈਆ ਕਰਾਈ ਜਾਵੇਗੀ। ਇਸ ਨਾਲ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

# ਅਮਰਦੀਪ ਕਾਲਜ ਮੁਕੰਦਪੁਰ ਦੀ ਐਮਸੀਏ. ਸਮੈਸਟਰ ਚੌਥਾ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿੱਚੋ ਪੁਜ਼ੀਸ਼ਨ ਹਾਸਿਲ ਕੀਤੀ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਮਈ -2017 'ਚ ਲਈ ਗਈ ਐਮ.ਸੀ.ਏ. (ਤਿੰਨ ਸਾਲਾ) ਸਮੈਸਟਰ ਚੌਥਾ ਦੀ ਪ੍ਰੀਖਿਆ ਦੇ ਐਲਾਨੇ ਗਏ ਨਤੀਜੇ ਵਿੱਚ, ਮੁਕੰਦਪੁਰ ਕਾਲਜ ਦੇ ਵਿਦਿਆਰਥੀ ਨੇ ਯੂਨੀਵਰਸਿਟੀ ਪੁਜ਼ੀਸ਼ਨ ਹਾਸਿਲ ਕੀਤੀ। ਇਹ ਕੋਰਸ ਯੂਨੀਵਰਸਿਟੀ ਦੇ ਮੇਨ ਕੈਂਪਸ, ਰੀਜ਼ਨਲ ਕੈਂਪਸ ਗੁਰਦਾਸਪੁਰ, ਰੀਜ਼ਨਲ ਕੈਂਪਸ ਸਠਿਆਲਾ, ਯੂਨੀਵਰਸਿਟੀ ਕਾਲਜ ਜਲੰਧਰ ਅਤੇ ਅਮਰਦੀਪ ਕਾਲਜ ਮੁਕੰਦਪੁਰ ਵਿੱਚ ਚੱਲ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਇਕਬਾਲ ਸਿੰਘ ਭੋਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਮ.ਸੀ.ਏ. ਸਮੈਸਟਰ ਚੌਥਾ ਵਿੱਚ ਪਲਵਿੰਦਰ ਰਾਏ ਸਪੁੱਤਰ ਸ੍ਰੀ ਬਲਵੀਰ ਵਾਸੀ ਮੋਰੋਂ ਨੇ 85.35% ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਅਤੇ ਕਲਾਸ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸ ਤੋਂ ਇਲਾਵਾ ਹਰਪ੍ਰੀਤ ਰਾਮ ਸਪੁੱਤਰ ਸ੍ਰੀ ਮੱਖਣ ਰਾਮ ਵਾਸੀ ਥਲਾ ਨੇ 81.70% ਅੰਕ ਲੈ ਕੇ ਅਤੇ ਰਜਨੀ ਸਪੁੱਤਰੀ ਸ੍ਰੀ ਸੰਤੋਸ਼ ਕੁਮਾਰ ਵਾਸੀ ਮਸਾਣੀ ਨੇ 80.10% ਅੰਕ ਲੈ ਕੇ ਕਲਾਸ ਵਿੱਚੋਂ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ ਹੈ। ਕਾਲਜ ਪ੍ਰਿੰਸੀਪਲ ਨੇ ਪੋਸਟ ਗਰੈਜੂਏਟ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਦੇ ਮੁਖੀ ਪ੍ਰੋ. ਸੁਖਮਿੰਦਰ ਬਾਵਾ ਅਤੇ ਟਰੇਨਿੰਗ ਅਤੇ ਪਲੇਸਮੈਂਟ ਸੈੱਲ ਦੇ ਇੰਚਾਰਜ ਪ੍ਰੋ. ਸਰਬਜੀਤ ਸਿੰਘ ਅਤੇ ਸਮੂਹ ਸਟਾਫ ਨੂੰ ਮੁਬਾਰਕ ਦਿੰਦਿਆਂ ਦੱਸਿਆ ਕਿ ਇਸ ਕਾਲਜ ਦੇ ਕੰਪਿਊਟਰ ਵਿਭਾਗ ਦੇ ਵਿਦਿਆਰਥੀ ਲਗਾਤਾਰ ਸ਼ਾਨਦਾਰ ਨਤੀਜੇ ਦੇ ਰਹੇ ਹਨ। ਇਸ ਲਈ ਸਾਰਾ ਵਿਭਾਗ ਵਧਾਈ ਦਾ ਪਾਤਰ ਹੈ। ਸ. ਗੁਰਚਰਨ ਸਿੰਘ ਸ਼ੇਰਗਿਲ ਬਾਨੀ ਕਾਲਜ ਤੇ ਸ. ਸੁਰਿੰਦਰ ਸਿੰਘ ਢੀਂਡਸਾ ਵਾਈਸ ਚੇਅਰਮੈਨ ਕਾਲਜ ਪੀ.ਟੀ.ਏ ਨੇ ਵਿਭਾਗ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਮੁਬਾਰਕ ਦਿੰਦਿਆਂ ਵਿਦਿਆਰਥੀਆਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ।



# ਰਾਸ਼ਟਰਪਤੀ ਦੇ ਬਾਡੀਗਾਰਡਾਂ ਦੇ ਲਈ ਭਰਤੀ 4 ਸਤੰਬਰ ਨੂੰ

**ਊਨਾ–** ਰਾਸ਼ਟਰਪਤੀ ਦੇ ਬਾਡੀਗਾਰਡਾਂ ਦੀ ਸਤੰਬਰ ਮਹੀਨੇ ਵਿਚ ਭਰਤੀ ਰੈਲੀ ਹੋਵੇਗੀ। ਨਿਰਦੇਸ਼ਕ ਅਤੇ ਫੌਜੀ ਭਰਤੀ ਡਾਇਰੈਕਟਰ, ਭਰਤੀ ਦਫਤਰ ਹਮੀਰਪੁਰ ਨੇ ਦੱਸਿਆ ਕਿ ਇਸ ਭਰਤੀ ਰੈਲੀ ਵਿਚ ਸਿੱਖ (ਮਜ਼ਹਬੀ, ਰਾਮਦਾਸੀਆ, ਐਸ. ਸੀ. ਅਤੇ ਐਸ. ਟੀ. ਨੂੰ ਛੱਡ ਕੇ) ਜਾਟ ਅਤੇ ਰਾਜਪੂਤਾਂ ਦੀ ਭਰਤੀ ਕੀਤੀ ਜਾਵੇਗੀ।

ਉਹਨਾਂ ਨੇ ਦੱਸਿਆ ਕਿ ਇਸ ਭਰਤੀ ਰੈਲੀ ਵਿਚ ਢੁਕਵੇਂ ਉਮੀਦਵਾਰ ਰਾਸ਼ਟਰਪਤੀ ਬਾਡੀਗਾਰਡ ਭਵਨ, ਨਵੀਂ ਦਿੱਲੀ ਵਿਚ ਚਾਰ ਸਤੰਬਰ ਦੀ ਸਵੇਰ 7.30 ਵਜੇ ਪਹੁੰਚਣਾ ਯਕੀਨੀ ਕਰਨ। ਭਰਤੀ ਰੈਲੀ ਵਿਚ ਸਾਢੇ 17 ਤੋਂ 21 ਸਾਲ ਦੀ ਉਮਰ ਵਰਗ ਦੇ ਉਮੀਦਵਾਰ ਭਾਗ ਲੈ ਸਕਦੇ ਹਨ। ਭਰਤੀ ਦੇ ਲਈ ਉਮੀਦਵਾਰ ਦੀ ਸਿੱਖਿਆ ਯੋਗਤਾ 45 ਫੀਸਦੀ ਅੰਕਾਂ ਦੇ ਨਾਲ ਦਸਵੀਂ ਅਤੇ 10+2 ਅਤੇ ਉਮੀਦਵਾਰ ਦੀ ਲੰਬਾਈ 6 ਫੁੱਟ (183 ਸੈਂਟੀਮੀਟਰ) ਅਤੇ ਸਿੱਖ, ਜਾਟ ਅਤੇ ਰਾਜਪੂਤ ਵਰਗ ਤੋਂ ਹੋਣਾ ਲਾਜ਼ਮੀ ਹੈ। ਉਮੀਦਵਾਰ ਨੂੰ ਭਰਤੀ ਦੇ ਵਕਤ 10ਵੀਂ ਕਲਾਸ ਮਾਰਕ ਸ਼ੀਟ ਅਤੇ ਸਰਟੀਫਿਕੇਟ, ਡੋਮੀਸਾਈਲ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਚਰਿੱਤਰ ਸਰਟੀਫਿਕੇਟ (6 ਮਹੀਨੇ ਪੁਰਾਣਾ ਨਹੀਂ ਹੋਣਾ ਚਾਹੀਦਾ), ਰੰਗੀਨ ਫੋਟੋਗ੍ਰਾਫ, ਰਾਸ਼ਨ ਕਾਰਡ, ਐਨ. ਸੀ. ਸੀ./ਸਪੋਰਟਸ ਸਰਟੀਫਿਕੇਟ ਅਤੇ ਆਧਾਰ ਕਾਰਡ ਨਾਲ ਲਿਆਉਣਾ ਹੋਵੇਗਾ।

# ਬੰਬ ਵਰਗੀ ਵਸਤੂ ਦੱਸ ਕੇ ਸੈਂਕੜੇ ਲੋਕਾਂ ਦੀ ਜਾਨ ਬਚਾਈ ਰਵਿੰਦਰ ਸਿੰਘ ਨੇ

**ਮੋਗਾ–** ਲਾਲਾ ਲਾਜਪਤ ਰਾਏ ਕਾਲਜ ਜੀ. ਟੀ. ਰੋਡ ਮੋਗਾ ਸਥਿਤ ਪਿੰਡ ਘੱਲ ਕਲਾਂ ਦੇ ਇਕ ਕਰਮਚਾਰੀ ਜੋ ਕਿ ਇਤਿਹਾਸਕ ਪਿੰਡ ਡਰੌਲੀ ਭਾਈ ਦੇ ਵਸਨੀਕ ਰਵਿੰਦਰ ਸਿੰਘ ਨੇ ਕਲਕੱਤਾ ਤੋਂ ਆ ਰਹੀ ਅਕਾਲ ਤਖਤ ਐਕਸਪ੍ਰੈਸ ਟ੍ਰੇਨ ਵਿਚ ਰੱਖਿਆ ਬੰਬ ਦੱਸ ਕੇ 500 ਦੇ ਕਰੀ ਯਾਤਰੀਆਂ ਦੀ ਜਾਨ ਬਚਾਈ।

ਰਵਿੰਦਰ ਸਿੰਘ ਲਾਲਾ ਲਾਜਪਤ ਰਾਏ ਕਾਲਜ ਦੇ ਦਾਖਲਿਆਂ ਦੇ ਸਬੰਧ ਵਿਚ ਬਿਹਾਰ ਗਿਆ ਹੋਇਆ ਸੀ ਤੇ ਅੱਜ ਉਹ ਕਲਕੱਤਾ ਤੋਂ ਅੰਮ੍ਰਿਤਸਰ ਅਕਾਲ ਤਖਤ ਐਕਸਪ੍ਰੈਸ ਗੱਡੀ ਵਿਚ ਆ ਰਿਹਾ ਸੀ। ਜਦੋਂ ਗੱਡੀ ਅਮੇਰੀ ਆਈ ਤਾਂ ਉਹ ਟਾਇਲਟ ਜਾਣ ਲੱਗਾ ਤਾਂ ਉਸਨੇ ਗੱਡੀ ਦੇ ਕੋਲ ਨੰਬਰ ਬੀ-3 ਵਿਚ ਇਕ ਬੰਬਨੁਮਾ ਚੀਜ਼ ਦੇਖੀ ਤਾਂ ਉਸਨੇ ਚੁੱਕ ਕੇ ਫਿਰ ਹੇਠਾਂ ਰੱਖ ਦਿੱਤੀ। ਉਸ ਨੇ ਤੁਰੰਤ ਰਾਤ ਨੂੰ ਇਸ ਦੀ ਸੂਚਨਾ ਪਹਿਲਾਂ ਅਟੈਂਡੈਂਟ ਨੂੰ ਦਿੱਤੀ। ਉਸ ਤੋਂ ਬਾਅਦ ਅਟੈਂਡੈਂਟ ਨੇ ਟੀ. ਟੀ. ਨੂੰ ਤੇ ਫਿਰ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਉਸ ਤੋਂ ਬਾਅਦ ਯੂ. ਪੀ. ਦੇ ਅਕਬਰਗੰਜ ਸਟੇਸ਼ਨ ਤੇ ਗੱਡੀ ਰੋਕ ਕੇ ਬੰਬ ਦੀ ਜਾਂਚ ਲਖਨਊ ਪੁਲਿਸ ਕਰ ਰਹੀ ਹੈ। ਪੁਲਿਸ ਅਤੇ ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ ਜੇਕਰ ਰਵਿੰਦਰ ਸਿੰਘ ਬੰਬ ਦੀ ਖਬਰ ਨਾ ਦਿੰਦਾ ਤਾਂ 500 ਦੇ ਕਰੀਬ ਯਾਤਰੀਆਂ ਦੀ ਜਾਨ ਚਲੀ ਜਾਣੀ ਸੀ। ਹੁਣ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਿਸ ਨੇ ਸੈਂਕੜੇ ਯਾਤਰੀਆਂ ਦੀ ਜਾਨ ਬਚਾਈ, ਉਸ ਨੂੰ ਸਨਮਾਨਿਤ ਕੀਤਾ ਜਾਵੇ। **-ਡਾ ਬਲਰਾਜ ਜੱਖੂ**



# ਭਰਿੰਡਾਂ ਲੜਨ ਕਾਰਨ ਸੱਤ ਸਾਲ ਦੇ ਬੱਚੇ ਦੀ ਮੌਤ

**ਸ਼ਹਿਣਾ–** ਕਸਬਾ ਸ਼ਹਿਣਾ ਵਿਚ ਸ਼ਾਮ ਦੇ ਵਕਤ ਸੱਤ ਸਾਲ ਦੇ ਬੱਚੇ ਦੀ ਭਰਿੰਡਾਂ ਲੜਨ ਨਾਲ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਜਸਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਸ਼ਹਿਣਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸੂਬੇ ਭਰ ਵਿਚ ਚੱਲ ਰਹੀਆਂ ਵਾਲ ਕੱਟਣ ਦੀਆਂ ਅਫਵਾਹਾਂ ਦੇ ਮੱਦੇਨਜ਼ਰ ਬਚਾਅ ਲਈ ਘਰ ਅੱਗੇ ਨਿੰਮ ਦੇ ਪੱਤੇ ਬੰਨ੍ਹਣ ਲਈ ਇਹ ਲੜਕਾ ਘਰ ਦੇ ਸਾਹਮਣੇ ਖਾਲੀ ਪਲਾਟ 'ਚ ਲੱਗੀ ਨਿੰਮ ਤੋਂ ਪੱਤੇ ਤੋੜਨ ਗਿਆ ਸੀ। ਉਥੇ ਭਰਿੰਡਾਂ ਦਾ ਛੱਤਾ ਲੱਗਾ ਸੀ, ਜਿਸਨੇ ਬੱਚੇ ਨੂੰ ਲਪੇਟ 'ਚ ਲੈ ਲਿਆ। ਉਸ ਨੂੰ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਜਾਨ ਨਹੀਂ ਬਚ ਸਕੀ। ਇਸ ਘਟਨਾ ਕਾਰਨ ਪੂਰੇ ਇਲਾਕੇ ਵਿਚ ਸੋਗ ਹੈ। ਇਹ ਬੱਚਾ ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਸ਼ਹਿਣਾ ਵਿਚ ਤੀਸਰੀ ਕਲਾਸ 'ਚ ਪੜ੍ਹਦਾ ਸੀ।

# ਨਸ਼ੇ ਦੇ ਵਪਾਰੀਆਂ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀ ਕੀਤਾ ਜਾਵੇਗਾ - ਐਸ.ਐਸ.ਪੀ ਮਾਨ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪਿੰਡ ਬਲ੍ਹੇਰ ਵਿਖੇ ਚੱਲ ਰਹੇ ਨਸ਼ਿਆਂ ਦੇ ਵੱਡੇ ਪੱਧਰ 'ਤੇ ਵਪਾਰ ਨੂੰ ਰੋਕਣ ਪਿੰਡ ਵਾਸੀਆਂ ਦੀ ਇਕ ਵਿਸ਼ੇਸ਼ ਮੀਟਿੰਗ ਹਰਪਾਲ ਸਿੰਘ ਬਲ੍ਹੇਰ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਦੁੱਧਾਧਾਰੀ ਵਿਖੇ ਹੋਈ। ਇਸ ਮੀਟਿੰਗ ਦੌਰਾਨ ਵਿਸ਼ੇਸ਼ ਤੌਰ 'ਤੇ ਪੁਲਿਸ ਜਿਲ੍ਹਾ ਤਰਨ ਤਾਰਨ ਦੇ ਮੁਖੀ ਐਸ.ਐਸ.ਪੀ ਦਰਸ਼ਨ ਸਿੰਘ ਮਾਨ, ਐਸ.ਪੀ ਤਿਲਕ ਰਾਜ, ਸਬ ਡਵੀਜਨ ਭਿੱਖੀਵਿੰਡ ਦੇ ਡੀ.ਐਸ.ਪੀ ਸੁਲੱਖਣ ਸਿੰਘ ਮਾਨ ਆਦਿ ਪੁਲਿਸ ਅਧਿਕਾਰੀ ਪਹੁੰਚੇਂ। ਮੀਟਿੰਗ ਦੌਰਾਨ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਰਪਾਲ ਸਿੰਘ ਬਲ੍ਹੇਰ ਨੇ ਕਿਹਾ ਕਿ ਪੁਰਾਤਨ ਸਮੇਂ ਵਿਚ ਸਾਡਾ ਪਿੰਡ ਬਲ੍ਹੇਰ ਜਿਥੇ ਚੰਗੇ ਕੰਮਾਂ ਲਈ ਮਸ਼ਹੂਰ ਸੀ, ਉਥੇ ਅੱਜ ਸਾਡੇ ਪਿੰਡ ਵਿਚ ਗਲੀ-ਗਲੀ ਵਿਕ ਰਹੇ ਚਿੱਟੇ (ਹੈਰੋਇਨ) ਦੇ ਧੰਦੇ ਨਾਲ ਮਸ਼ਹੂਰ ਹੋਇਆ ਹੈ,



ਕਿਉਕਿ ਨਸ਼ੇੜੀ ਲੋਕ ਦੂਸਰੇ ਜਿਲ੍ਹਿਆਂ ਵਿਚੋਂ ਆ ਕੇ ਬਲ੍ਹੇਰ ਪਿੰਡ ਵਿਚ ਨਸ਼ਾ ਵੇਚ ਰਹੇ ਲੋਕਾਂ ਕੋਲੋਂ ਨਸ਼ਾ ਪ੍ਰਾਪਤ ਕਰ ਰਹੇ ਹਨ, ਜੋ ਦੁੱਖ ਦੀ ਗੱਲ ਹੈ। ਉਹਨਾਂ ਨੇ ਕਿਹਾ ਕਿ ਲੋਕ ਚਿੱਟੇ ਦਾ ਧੰਦਾ ਕਰ ਰਹੇ ਹਨ, ਪਰ ਪੁਲਿਸ ਥਾਣਿਆਂ ਵਿਚ ਦੋਸ਼ੀਆਂ ਖਿਲਾਫ ਮੁਕੱਦਮੇ ਭੰਗ ਦੇ ਦਰਜ ਹੋ ਰਹੇ ਹਨ, ਜਿਸ ਨਾਲ ਨਸ਼ਿਆਂ ਦੇ ਵਪਾਰੀਆਂ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ। ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਐਸ.ਐਸ.ਪੀ ਦਰਸ਼ਨ ਸਿੰਘ ਮਾਨ ਨੇ ਹਰਪਾਲ ਸਿੰਘ ਬਲ੍ਹੇਰ, ਗੁਰਪ੍ਰੀਤ ਸਿੰਘ ਸ਼ੇਰਾ, ਸਰਪੰਚ ਪ੍ਰਤਾਪ ਸਿੰਘ, ਚਰਨਜੀਤ ਸਿੰਘ ਭੱਠੇ ਵਾਲੇ, ਅਮਰਨਿਸ਼ਾਨ ਸਿੰਘ, ਨਿਰਮਲ ਸਿੰਘ, ਗਗਨਦੀਪ ਸਿੰਘ, ਜਥੇਦਾਰ ਇੰਦਰਜੀਤ ਸਿੰਘ ਲਵਲੀ, ਸਾਬਕਾ ਸਰਪੰਚ ਦਰਸ਼ਨ ਸਿੰਘ, ਜੁਝਾਰ ਸਿੰਘ, ਨਿਰਮਲ ਸਿੰਘ ਆਦਿ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਉਦਿਆਂ ਕਿਹਾ ਕਿ ਮਾਰੂ ਨਸ਼ਿਆਂ ਦਾ ਵਪਾਰ ਕਰਨ ਵਾਲੇ ਵਿਅਕਤੀਆਂ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀ ਕੀਤਾ ਜਾਵੇਗਾ, ਸਗੋਂ ਫੜ ਕੇ ਜੇਲ ਦੀਆਂ ਸ਼ਲਾਖਾ ਪਿੱਛੇ ਬੰਦ ਕੀਤਾ ਜਾਵੇਗਾ। ਐਸ.ਐਸ.ਪੀ ਨੇ ਆਖਿਆ ਕਿ ਹੈਰੋਇਨ ਵਰਗੇ ਮਾਰੂ ਨਸ਼ਿਆਂ ਨੂੰ ਨੱਥ ਪਾਉਣ ਲਈ ਲੋਕ ਪੁਲਿਸ ਪ੍ਰਸ਼ਾਸ਼ਨ ਦਾ ਪੂਰਨ ਰੂਪ ਵਿਚ ਸਹਿਯੋਗ ਦੇਣ ਤਾਂ ਜੋ ਨਸ਼ਿਆਂ ਵਿਚ ਰੁੜ ਰਹੀ ਜਵਾਨੀ ਨੂੰ ਬਚਾਇਆ ਜਾ ਸਕੇ।

# ਬਿਜਲੀ ਖ਼ਪਤਕਾਰਾਂ 'ਤੇ ਗਊ ਰੱਖਿਆ ਸੈਸ ਲਗਾਵੇਗੀ ਪੰਜਾਬ ਸਰਕਾਰ

**ਬਠਿੰਡਾ–** ਕੈਪਟਨ ਹਕੂਮਤ ਨੇ ਵੀ ਬਿਜਲੀ ਬਿੱਲਾਂ 'ਤੇ ਗਊ ਸੈੱਸ ਲਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਖ਼ਪਤਕਾਰਾਂ 'ਤੇ ਕਰੋੜਾਂ ਦਾ ਬੋਝ ਪਵੇਗਾ। ਪਾਵਰਕੌਮ ਨੇ ਦੋ ਸ਼ਹਿਰਾਂ ਅਤੇ ਦੋ ਕਸਬਿਆਂ ਵਿੱਚ ਗਊ ਸੈੱਸ ਲਾਉਣ ਸਬੰਧੀ ਸਰਕੂਲਰ ਵੀ ਜਾਰੀ ਕਰ ਦਿੱਤਾ ਹੈ। ਕੈਪਟਨ ਹੂਕਮਤ ਨੇ ਥੋੜਾ ਸਮਾਂ ਪਹਿਲਾਂ ਹੀ ਗਊਸ਼ਾਲਾਵਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਰੱਦ ਕੀਤਾ ਸੀ, ਜਦੋਂ ਕਿ ਗੱਠਜੋੜ ਸਰਕਾਰ ਨੇ ਇਨ੍ਹਾਂ ਗਊਸ਼ਾਲਾਵਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਕੀਤਾ ਸੀ। ਗੱਠਜੋੜ ਸਰਕਾਰ ਸਮੇਂ ਚਾਰ ਜ਼ਿਲ੍ਹਿਆਂ ਬਠਿੰਡਾ, ਮੁਹਾਲੀ, ਜਲੰਧਰ ਤੇ ਹੁਸ਼ਿਆਰਪੁਰ ਤੋਂ ਇਲਾਵਾ ਬਾਘਾ ਪੁਰਾਣਾ, ਬਨੂੜ ਅਤੇ ਫਤਹਿਗੜ੍ਹ ਚੂੜੀਆਂ ਦੀ ਨਗਰ ਕੌਂਸਲ ਦੀ ਹਦੂਦ ਵਿੱਚ ਬਿਜਲੀ ਬਿੱਲਾਂ 'ਤੇ ਗਊ ਸੈੱਸ ਲੱਗਾ ਸੀ, ਉਸ ਮਗਰੋਂ ਮਾਮਲਾ ਠੱਪ ਹੋ ਗਿਆ ਸੀ। ਵੇਰਵਿਆਂ ਅਨੁਸਾਰ ਪਾਵਰਕੌਮ ਵੱਲੋਂ ਹੁਣ ਦੋ ਪੈਸੇ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਗਊ ਸੈੱਸ ਵਸੂਲ ਕੀਤਾ ਜਾਵੇਗਾ। ਪਾਵਰਕੌਮ ਨੇ ਹੁਣ 10 ਅਗਸਤ ਨੂੰ ਸਰਕੂਲਰ ਨੰਬਰ 37/2017 ਜਾਰੀ ਕਰ ਕੇ ਨਗਰ ਨਿਗਮ ਮੋਗਾ, ਨਗਰ ਕੌਂਸਲ ਮਾਨਸਾ, ਨਗਰ ਪੰਚਾਇਤ ਮਲੂਕਾ ਤੇ ਨਗਰ ਪੰਚਾਇਤ ਕੋਠਾ ਗੁਰੂ ਦੀ ਹਦੂਦ ਅੰਦਰ ਬਿਜਲੀ ਬਿੱਲਾਂ 'ਤੇ ਦੋ ਪੈਸੇ ਪ੍ਰਤੀ ਯੂਨਿਟ ਗਊ ਸੈੱਸ ਲਾ ਦਿੱਤਾ ਹੈ, ਜੋ ਨਵੇਂ ਬਿਜਲੀ ਬਿੱਲਾਂ ਵਿੱਚ ਲੱਗ ਕੇ ਖ਼ਪਤਕਾਰਾਂ ਨੂੰ ਮਿਲੇਗਾ। ਕੈਪਟਨ ਸਰਕਾਰ ਨੇ ਥੋੜਾ ਸਮਾਂ ਪਹਿਲਾਂ 472 ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦਾ ਫ਼ੈਸਲਾ ਰੱਦ ਕੀਤਾ ਹੈ ਅਤੇ ਗਊਸ਼ਾਲਾਵਾਂ ਨੂੰ ਅੰਦਾਜ਼ਨ 6.32 ਕਰੋੜ ਦੇ ਸਾਲਾਨਾ ਬਿਜਲੀ ਬਿੱਲ ਭਰਨ ਦੀ ਹਦਾਇਤ ਕੀਤੀ ਸੀ। ਇਸ ਦੌਰਾਨ ਪੰਜਾਬ ਰਾਜ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਕੀਮਤੀ ਲਾਲ ਭਗਤ ਦਾ ਕਹਿਣਾ ਸੀ ਕਿ ਕਮਿਸ਼ਨ ਦੀ ਪ੍ਰਬੰਧਕੀ ਇਕਾਈ ਨੇ 4 ਅਗਸਤ ਨੂੰ ਮਤਾ ਪਾਸ ਕਰ ਕੇ ਸਰਕਾਰ ਨੂੰ ਭੇਜਿਆ ਹੈ, ਜੋ ਬਿਜਲੀ ਬਿੱਲਾਂ ਤੋਂ ਗਊ ਸੈੱਸ ਪ੍ਰਾਪਤ ਹੋ ਰਿਹਾ ਹੈ, ਉਸ ਨੂੰ 472 ਗਊਸ਼ਾਲਾਵਾਂ ਦੇ ਬਣਦੇ ਬਿਜਲੀ ਬਿੱਲਾਂ ਵਿੱਚ ਐਡਜਸਟ ਕਰ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਕਾਂਗਰਸ ਸਰਕਾਰ ਵੱਲੋਂ ਬਿਜਲੀ ਬਿੱਲਾਂ 'ਤੇ ਗਊ ਸੈੱਸ ਲਾਏ ਜਾਣ ਦਾ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ। ਜੇ ਸਰਕਾਰ ਬਿਜਲੀ ਬਿੱਲਾਂ 'ਤੇ ਗਊ ਸੈੱਸ ਬਾਕੀ ਪੰਜਾਬ ਵਿੱਚ ਵੀ ਲਾਗੂ ਕਰਦੀ ਹੈ ਤਾਂ ਇਸ ਨਾਲ ਸੜਕਾਂ 'ਤੇ ਘੁੰਮਦੇ ਗਊਧਨ ਦੀ ਸੰਭਾਲ ਹੋ ਜਾਵੇਗੀ।

# ਕਰਮਚਾਰੀ ਤਾਲਮੇਲ ਕਮੇਟੀ ਜਲੰਧਰ ਹੋਰ ਮਜਬੂਤ ਹੋਈ




**ਜਲੰਧਰ–** ਕਰਮਚਾਰੀ ਤਾਲਮੇਲ ਕਮੇਟੀ ਦੇ ਨੇਤਾਵਾਂ ਦੀ ਇਕ ਮੀਟਿੰਗ ਸਫਾਈ ਮਜਦੂਰ ਸੰਘ ਦੇ ਦਫਤਰ ਵਿਖੇ ਸ੍ਰੀ ਪ੍ਰੇਮ ਪਾਲ ਡੁਮੇਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਵਿਕਰਮ ਕਲਿਆਣ ਪ੍ਰਧਾਨ ਸਫਾਈ ਮਜਦੂਰ ਯੂਨੀਅਨ ਅਤੇ ਮੀਤ ਪ੍ਰਧਾਨ ਤਾਲਮੇਲ ਕਮੇਟੀ ਦਾ ਨਿੱਘਾ ਸਵਾਗਤ ਕੀਤਾ ਗਿਆ। ਸਫਾਈ ਮਜਦੂਰ ਸੰਘ ਦੇ ਪ੍ਰਧਾਨ ਸ੍ਰੀ ਵਿਨੋਦ ਗਿੱਲ ਜੀ ਨੇ ਕਿਹਾ ਕਿ ਸਾਡੀ ਜਥੇਬੰਦੀ ਸੰਪੂਰਨ ਤਾਲਮੇਲ ਕਮੇਟੀ ਦੇ ਨਾਲ ਹੈ ਅਤੇ ਉਹਨਾਂ ਨੇ ਸਾਰਿਆਂ ਨੂੰ ਮੁਹੱਲਾ ਸੁਸਾਇਟੀਆਂ ਰਾਹੀਂ ਰੱਖੇ ਗਏ ਮਾਲੀਆਂ ਨੂੰ ਵੀ ਪਹਿਲ ਦੇ ਆਧਾਰ ਤੇ ਰੈਗੂਲਰ ਕਰਨ ਦੀ ਮੰਗ ਕੀਤੀ। ਵਿਕਰਮ ਕਲਿਆਣ, ਵਿਨੋਦ ਗਿੱਲ ਨੇ ਇਕ-ਦੂਜੇ ਨਾਲ ਰਲ ਕੇ ਸਾਰੇ ਮਸਲੇ ਹੱਲ ਕਰਨ ਦਾ ਵੀ ਸੱਦਾ ਦਿੱਤਾ। ਇਸ ਮੀਟਿਗ ਵਿਚ ਚੇਅਰਮੈਨ ਪਵਨ ਕੁਮਾਰ ਅਗਨੀਹੋਤਰੀ, ਅਸ਼ੋਕ, ਬਿਸ਼ਨ ਦਾਸ ਸਹੋਤਾ, ਅਸ਼ੋਕ ਭੀਲ, ਚੇਅਰਮਨ ਸਫਾਈ ਮਜਦੂਰ ਯੂਨੀਅਨ, ਵਿਨੋਦ ਸਹੋਤਾ, ਜਤਿੰਦਰ ਹੰਸ, ਸ਼ਮੀ ਨਾਹਰ, ਵਿਕੀ ਸਭਰਵਾਲ, ਕਾਲੀ ਥਾਪਰ, ਕਾਨਾ ਸਹੋਤਾ, ਗਨਾਂ ਸਹੋਤਾ, ਸੋਨੀ ਗਿੱਲ, ਈਸ਼ਾਨ, ਲਾਲੀ, ਸੈਨੀ ਗਿੱਲ, ਕਰਨ ਗਿੱਲ, ਵੀਸ਼ ਗਿੱਲ, ਆਸ਼ ਵੈਲੀ ਸੌਂਧੀ, ਸ਼ਰੀਨ ਸੌਂਧੀ, ਸੁਨੀਲ ਥਾਪਰ, ਪ੍ਰਦੀਪ ਬਾਲਮੀਕੀ, ਰਸ਼ਪਾਲ ਗਿੱਲ, ਪੂਰਨ ਚੰਦ ਆਦਿ ਹਾਜ਼ਰ ਸਨ।

# ਨਵੇਂ ਕਮਿਸ਼ਨਰ ਦਾ ਸਵਾਗਤ



**ਜਲੰਧਰ–** ਕਰਮਚਾਰੀ ਤਾਲਮੇ ਕਮੇਟੀ ਨਗਰ ਨਿਗਮ ਜਲੰਧਰ ਵੱਲੋਂ ਕਾਰਪੋਰੇਸ਼ਨ ਦੇ ਨਵੇਂ ਕਮਿਸ਼ਨਰ ਸ੍ਰੀ ਬਸੰਤ ਗਰਗ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਵਾਟਰ ਸਪਲਾਈ ਟੈਕਨੀਕਲ ਵਾਟਰ ਯੂਨੀਅਨ, ਸਫਾਈ ਮਜਦੂਰ ਯੂਨੀਅਨ, ਨਗਰ ਨਿਗਮ ਜਲੰਧਰ ਅਤੇ ਟੈਕਨੀਕਲ ਵਰਕਰ ਯੂਨੀਅਨ, ਐਸ. ਸੀ. ਬੀ. ਸੀ. ਇੰਪਲਾਈਜ਼ ਫੈਡਰੇਸ਼ਨ ਪੰਜਾਬ (ਨਗਰ ਨਿਗਮ ਜਲੰਧਰ), ਡਰਾਈਵਰ ਯੂਨੀਅਨ, ਲਾਈਟ ਬਰਾਂਚ ਯੂਨੀਅਨ, ਮਨਿਸਟਰੀਅਲ ਸਟਾਫ ਯੂਨੀਅਨ ਦੇ ਨੁਮਾਇੰਦੇ ਮੌਜੂਦ ਸਨ।

ਉਪਰੋਕਤ ਯੂਨੀਅਨਾਂ ਦੇ ਨੇਤਾਵਾਂ ਵੱਲੋਂ ਬਣਾਈ ਗਈ ਤਾਲਮੇਲ ਕਮੇਟੀ ਨਗਰ ਨਿਗਮ ਜਲੰਧਰ ਵੱਲੋਂ ਮਾਣਯੋਗ ਕਮਿਸ਼ਨਰ ਸਾਹਿਬ ਸ੍ਰੀ ਬਸੰਤ ਗਰਗ ਦੇ ਕਮਿਸ਼ਨਰ ਲੱਗਣ ਤੇ ਉਹਨਾਂ ਦੇ ਦਫਤਰ ਜਾ ਕੇ ਸਨਮਾਨਿਤ ਕੀਤਾ।



# ਕਾਵੂਰ ਦੀ ਪੰਜਾਬੀਆਂ ਨੂੰ ਦੇਣ




ਮੇਘ ਰਾਜ ਮਿੱਤਰ
+91-98887-87440

ਅਬਰਾਹਾਮ ਟੀ ਕਾਵੂਰ ਉਹ ਮਹਾਨ ਵਿਗਿਆਨਕ ਸੀ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਨੂੰ ਭਰਮਾਂ ਵਹਿਮਾਂ ਵਿਚੋਂ ਬਾਹਰ ਕੱਢ ਕੇ ਤਰਕ ਨਾਲ ਜ਼ਿੰਦਗੀ ਜਿਊਣਾ ਸਿਖਾਇਆ। ਉਹ ਲਗਪਗ ਅੱਧੀ ਸਦੀ ਪ੍ਰੇਤ ਘਰਾਂ, ਕਬਰਸਤਾਨਾਂ ਤੇ ਸ਼ਮਾਸ਼ਾਨ ਘਾਟਾਂ ਵਿੱਚ ਸੌਂਦਾ ਰਿਹਾ ਤੇ ਆਪਣੇ ਇਨ੍ਹਾਂ ਤਜ਼ਰਬਿਆਂ ਦੇ ਅਧਾਰ ਉੱਤੇ ਉਸ ਨੇ ਆਪਣੀਆਂ ਯਾਦਾਂ ਲਿਖੀਆਂ ਜਿਹੜੀਆਂ ਪੰਜਾਬ ਦੇ ਲੋਕਾਂ ਵਿੱਚ ਬਹੁਤ ਹਰਮਨ ਪਿਆਰੀਆਂ ਹੋਈਆਂ ਤੇ 33 ਸਾਲ ਤੋਂ ਲਗਾਤਾਰ ਛੱਪ ਰਹੀਆਂ ਹਨ। ਡਾ. ਕਾਵੂਰ ਦਾ ਜਨਮ 18 ਅਪ੍ਰੈਲ 1898 ਨੂੰ ਭਾਰਤ ਦੇ ਸੂਬੇ ਕੇਰਲਾ ਦੇ ਪਿੰਡ ਤਿਰੂਵਾਲਾ ਵਿਖੇ ਹੋਇਆ। ਭਾਵੇਂ ਉਸ ਦਾ ਪਿਤਾ ਇੱਕ ਗਿਰਜੇ ਦਾ ਪਾਦਰੀ ਫਿਰ ਵੀ ਉਸਨੇ ਜ਼ਿੰਦਗੀ ਨੂੰ ਧਰਮਾਂ ਤੋਂ ਬਗੈਰ ਜਿਊਣ ਦਾ ਫੈਸਲਾ ਕੀਤਾ। ਉਨ੍ਹਾਂ ਸਮਿਆਂ ਵਿੱਚ ਭਾਰਤ ਜਾਂ ਸ੍ਰੀਲੰਕਾ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਟੈਲੀਵਿਜ਼ਨ ਨਹੀਂ ਸਨ ਹੁੰਦੇ। ਇਸ ਲਈ ਉਹ ਵਰਜਿਤ ਪ੍ਰੇਤ ਘਰਾਂ ਵਿੱਚ ਜਾ ਕੇ ਰੇਡੀਓ ਸਟੇਸ਼ਨਾਂ ਤੋਂ ਲੋਕਾਂ ਨੂੰ ਸੰਬੋਧਨ ਕਰਦਾ ਰਿਹਾ ਹੈ। ਪੰਜਾਬ ਦੇ ਤਰਕਸ਼ੀਲਾਂ ਨੇ ਡਾ. ਕਾਵੂਰ ਦੇ ਨਕਸ਼ੇ ਕਦਮ ਉੱਪਰ ਚਲਦੇ ਹੋਏ ਬਹੁਤ ਸਾਰੀਆਂ ਗੁੰਝਲਦਾਰ ਸੱਮਸਿਆਵਾਂ ਨੂੰ ਹੱਲ ਕੀਤਾ ਹੈ। ਆਓ ਵੇਖੀਏ ਕਿ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਨੇ ਡਾ. ਕਾਵੂਰ ਨੂੰ ਤਰਕ ਨਾਲ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ।

**ਗੰਗਾਜਲ ਦੇ ਚਮਤਕਾਰ :–** ਅੱਜ ਤੋਂ ਇੱਕ ਸਦੀ ਪਹਿਲਾਂ ਸ੍ਰੀ ਲੰਕਾ ਵਿੱਚ ਉੱਚ ਵਿਦਿਆ ਲਈ ਕੋਈ ਕਾਲਜ ਉਪਲਬਧ ਨਹੀਂ ਸੀ। ਡਾ. ਕਾਵੂਰ ਤੇ ਉਸ ਦੇ ਭਰਾ ਨੂੰ ਇਹ ਪੜ੍ਹਾਈ ਕਲੱਕਤੇ ਕਰਨੀ ਪਈ ਜਦੋਂ ਗੁਆਂਢੀਆਂ ਨੂੰ ਪਤਾ ਲਗਿਆ ਕਿ ਕਾਵੂਰਾਂ ਦੇ ਮੁੰਡੇ ਗੰਗਾ ਕਿਨਾਰੇ ਵਸੇ ਸ਼ਹਿਰ ਕਲੱਕਤੇ ਪੜ੍ਹਦੇ ਹਨ ਤਾਂ ਉਨ੍ਹਾਂ ਨੇ ਇਨ੍ਹਾਂ ਮੁੰਡਿਆਂ ਨੂੰ ਗੰਗਾਜਲ ਲਿਆ ਕੇ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਵੇਖਿਆ ਕਿ ਗੰਗਾ ਵਿੱਚ ਤਾਂ ਮਨੁੱਖੀ ਮ੍ਰਿਤਕ ਲਾਸ਼ਾਂ ਵੱਡੀ ਮਾਤਰਾ ਵਿੱਚ ਰੁੜ ਕੇ ਆਉਂਦੀਆਂ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਲੋਕ ਆਪਣੇ ਮ੍ਰਿਤਕਾਂ ਦੇ ਸਰੀਰਾਂ ਨੂੰ ਗੰਗਾ ਜਲ ਵਹਾਉਣ ਚੰਗਾ ਸਮਝਦੇ ਸਨ। ਬਨਸਪਤੀ ਵਿਗਿਆਨ ਦਾ ਵਿਦਿਆਰਥੀ ਹੋਣ ਕਾਰਨ ਡਾ. ਕਾਵੂਰ ਜਾਣਦਾ ਸੀ ਕਿ ਗੰਗਾ ਜਲ ਜ਼ਰਮਾਂ ਰਹਿਤ ਨਹੀਂ ਹੋ ਸਕਦਾ। ਇਸ ਲਈ ਉਹ ਆਪਣੇ ਗੁਆਂਢੀਆਂ ਨੂੰ ਅਜਿਹਾ ਪਾਣੀ ਨਹੀਂ ਪਿਆ ਸਕਦੇ ਸੀ ਤੇ ਵਾਪਸੀ ਤੇ ਉਸ ਨੇ ਕੋਟਾਰਾਕਾਰਾ ਦੇ ਸਟੇਸ਼ਨ ਤੋਂ ਦੋ ਸ਼ੁੱਧ ਪਾਣੀ ਦੀਆਂ ਬੋਤਲਾਂ ਭਰ ਲਈਆਂ।

ਬੱਸ ਦੇ ਡਰਾਈਵਰ ਤੇ ਕੰਡਕਟਰ ਨੂੰ ਇਨ੍ਹਾਂ ਮੁੰਡਿਆਂ ਕੋਲ ਗੰਗਾ ਜਲ ਹੋਣ ਦੀ ਭਿਣਖ ਪਈ ਤਾਂ ਉਨ੍ਹਾਂ ਨੇ ਇਨ੍ਹਾਂ ਦਾ ਸਮਾਨ ਖੁਦ ਵਧੀਆ ਢੰਗ ਨਾਲ ਸਭਾਲਿਆ ਤੇ ਬੜੇ ਸਤਿਕਾਰ ਨਾਲ ਦੋ ਮੀਲ ਦਾ ਵਿੰਗ ਪਾ ਕੇ ਘਰੇ ਛੱਡ ਕੇ ਆਏ ਤਾਂ ਜਾਣ ਲੱਗੇ ਥੋੜਾ ਜਿਹਾ ਗੰਗਾ ਜਲ ਲਿਜਾਣਾ ਨਾ ਭੁੱਲੇ। ਗੁਆਂਢੀਆਂ ਨੂੰ ਛੋਟੀਆਂ ਸ਼ੀਸ਼ੀਆਂ ਵਿੱਚ ਗੰਗਾ ਜਲ ਵੰਡ ਦਿੱਤਾ ਗਿਆ। ਅਗਲੇ ਸਾਲ ਜਦੋਂ ਉਹ ਆਪਣੇ ਪਿੰਡ ਛੁੱਟੀ ਕੱਟਣ ਆਏ ਤਾਂ ਬਹੁਤ ਸਾਰੇ ਲੋਕਾਂ ਨੇ ਗੰਗਾ ਜਲ ਬਾਰੇ ਆਪਣੇ ਤਜ਼ਰਬੇ ਉਨ੍ਹਾਂ ਨਾਲ ਸਾਂਝੇ ਕੀਤੇ। ਇੱਕ ਇਸਤਰੀ ਕਹਿਣ ਲੱਗੀ ਕਿ ਸਾਡੀ ਦਾਦੀ ਨੂੰ ਟੱਟੀਆਂ ਲੱਗ ਗਈਆਂ ਤਾਂ ਅਸੀਂ ਦੋ ਤੁਪਕੇ ਦਾਦੀ ਨੂੰ ਗੰਗਾਜਲ ਦੇ ਸ਼ਹਿਦ ਵਿੱਚ ਮਿਲਾ ਕੇ ਦੇ ਦਿੱਤੇ ਉਹ ਠੀਕ ਹੋ ਗਈ। ਇਕ ਹੋਰ ਕਹਿਣ ਲੱਗੀ ਸਾਡੀ ਕੁੜੀ ਦਾ ਬੁੱਖਾਰ ਉਤਰਦਾ ਨਹੀਂ ਸੀ, ਦੋ ਤੁਪਕੇ ਗੰਗਾਜਲ ਦੇ ਦੇਣ ਨਾਲ ਉਹ ਵੀ ਨੌ ਬਰ ਨੌ ਹੋ ਗਈ। ਇੱਕ ਗੁਆਂਢੀ ਕਹਿਣ ਲੱਗਿਆ ਮੈਂ ਆਪਣੇ ਖੇਤ ਵਿੱਚ ਦੋ ਅੰਬਾਂ ਦੇ ਬੂਟੇ ਲਾਏ ਇੱਕ ਨੂੰ ਦੋ ਬੂੰਦਾਂ ਗੰਗਾਜਲ ਦੀਆਂ ਪਾ ਦਿੱਤੀਆਂ ਉਹ ਦਿਨਾਂ ਵਿੱਚ ਵੱਧਣ ਫੁੱਲਣ ਲੱਗ ਪਿਆ ਤੇ ਜਿਸ ਨੂੰ ਨਾ ਪਾਈਆਂ, ਉਹ ਮੁਰਝਾ ਗਿਆ। ਡਾ. ਕਾਵੂਰ ਤੇ ਉਸ ਦਾ ਭਰਾ ਆਪਣੇ ਮਨ ਵਿੱਚ ਹਸ ਵੀ ਰਹੇ ਸਨ ਤੇ ਸੋਚ ਵੀ ਰਹੇ ਸਨ। ਇਹ ਪਹਿਲੀ ਘਟਨਾ ਸੀ ਜਿਸ ਨੇ ਡਾ. ਕਾਵੂਰ ਨੂੰ ਤਰਕ ਨਾਲ ਸੋਚਣ ਸਿਖਾਇਆ।

**ਚੁਣੌਤੀ :** ਪੰਜਾਬ ਦੇ ਤਰਕਸ਼ੀਲਾਂ ਨੇ ਡਾ. ਕਾਵੂਰ ਦੀ ਚੁਣੌਤੀ ਨੂੰ ਅੱਜ ਵੀ ਹੂ-ਬਾ-ਹੂ ਰੱਖਿਆ ਹੋਇਆ ਹੈ ਭਾਵੇ ਉਸ ਨੇ ਇਹ ਚੁਣੌਤੀ 1963 ਵਿੱਚ ਜਾਰੀ ਕੀਤੀ ਸੀ। ਉਸ ਸਮੇਂ ਉਸ ਦਾ ਇਨਾਮ ਦੀ ਰਾਸ਼ੀ ਇੱਕ ਹਜ਼ਾਰ ਤੋਂ ਲੈ ਕੇ 25 ਹਜ਼ਾਰ ਤੱਕ ਬਰਾਬਰ ਦੀ ਸੀ। ਜਿੰਨਾ ਇਨਾਮ ਕੋਈ ਵਿਅਕਤੀ ਜਿਤਣਾ ਚਾਹੁੰਦਾ ਸੀ ਉਨੀਂ ਹੀ ਜ਼ਮਾਨਤ ਦੀ ਰਕਮ ਉਸ ਨੂੰ ਜਮਾ ਕਰਾਉਣੀ ਪੈਂਦੀ ਸੀ। ਹੌਲੀ ਹੌਲੀ ਉਸ ਨੇ ਜ਼ਮਾਨਤ ਦੀ ਰਾਸ਼ੀ ਸਿਰਫ ਇੱਕ ਹਜ਼ਾਰ ਕਰ ਦਿੱਤੀ ਤੇ ਇਨਾਮ ਦੀ ਰਾਸ਼ੀ ਇੱਕ ਲੱਖ ਰੁਪਏ ਕਰ ਦਿੱਤੀ। ਅੱਜ ਤਰਕਸ਼ੀਲਾਂ ਨੇ ਵੀ ਉਨ੍ਹਾਂ ਦੀਆਂ ਸ਼ਰਤਾਂ ਉਪਰ ਚਲਦੇ ਹੋਏ ਇੱਕ ਕਰੋੜ ਦੀ ਰਾਸ਼ੀ ਦਾ ਇਨਾਮ ਰੱਖਿਆ ਹੋਇਆ ਹੈ। ਇਨ੍ਹਾਂ ਸ਼ਰਤਾਂ ਵਿੱਚ ਕਰਾਮਾਤੀ ਸ਼ਕਤੀਆਂ ਦੇ ਦਾਅਵੇਦਾਰਾਂ ਨੂੰ ਭਜਾਉਣ ਲਈ ਤੇ ਲੋਕਾਂ ਵਿੱਚ ਹੌਲਾ ਕਰਨ ਲਈ ਬਹੁਤ ਸਾਰੀਆਂ ਸ਼ਰਤਾਂ ਹਨ। ਭਾਵੇਂ ਅਮਰੀਕਾ ਦੀ ਇੱਕ ਸੰਸਥਾ "ਸਕੈਪਟੀਕਲ ਇਨਕਿਊਰਰ" ਨੇ 1860 ਵਿੱਚ ਇਨ੍ਹਾਂ ਕਰਾਮਾਤੀ ਸ਼ਕਤੀਆਂ ਦੇ ਦਾਅਵੇਦਾਰਾਂ ਲਈ ਇੱਕ ਮਿਲੀਅਨ ਡਾਰਲ ਦਾ ਇਨਾਮ ਘੋਸ਼ਿਤ ਕੀਤਾ ਸੀ ਇੱਕ ਮਿਲੀਅਨ ਡਾਲਰ ਦਾ ਅੱਜ ਵੀ ਸੱਤ ਕਰੋੜ ਰੁਪਏ ਦੇ ਲਗਪਗ ਬਣਦਾ ਹੈ। ਅਮਰੀਕਾ ਵਾਲਿਆਂ ਦਾ, ਕਾਵੂਰ ਦਾ ਜਾਂ ਭਾਰਤ ਦੇ ਤਰਕਸ਼ੀਲਾਂ ਦਾ ਇਨਾਮ ਅੱਜ ਤੱਕ ਕੋਈ ਨਹੀਂ ਜਿੱਤ ਸਕਿਆ। ਕਿਉਂਕਿ ਚਮਤਕਾਰੀ ਸ਼ਕਤੀ ਕਿਸੇ ਵੀ ਵਿਅਕਤੀ ਵਿੱਚ ਹੋ ਸਕਦੀ ਹੈ। ਇਹ ਸਾਇੰਸ ਦੇ ਨਿਯਮਾਂ ਦੇ ਉਲਟ ਹੁੰਦਾ ਹੈ। ਕੋਈ ਵੀ ਵਿਅਕਤੀ ਹਵਾ ਵਿੱਚ ਨਹੀਂ ਉਡ ਸਕਦਾ ਕਿਉਂਕਿ ਉਡਾਣ ਭਰਨ ਦੀਆਂ ਕੁਝ ਆਪਣੀਆਂ ਸ਼ਰਤਾਂ ਹਨ। ਕੋਈ ਵੀ ਚੀਜ਼ ਬਗੈਰ ਕਿਸੇ ਬਲ ਦੇ ਕਿਰਿਆ ਕਰਨ ਤੋਂ ਹਿੱਲ ਹੀ ਨਹੀਂ ਸਕਦੀ। ਜੇ ਕਿਸੇ ਵਿਅਕਤੀ ਵਿੱਚ ਕਰਾਮਾਤੀ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾਉਣ ਦੀ ਸ਼ਕਤੀ ਹੋਵੇਗੀ ਤਾਂ ਬਲ ਪ੍ਰਭਾਸ਼ਤ ਨਹੀਂ ਕੀਤਾ ਜਾ ਸਕਦਾ।



ਕੇਸ ਹਿਸਟਰੀਆਂ :–ਸ਼੍ਰੀ ਲੰਕਾ ਦੇ ਕਾਵੂਰ ਸਾਹਿਬ ਤੋਂ ਸਿਖੇ ਹੋਏ ਤਰਕਸ਼ੀਲਾਂ ਨੇ ਬਹੁਤ ਸਾਰੇ ਅਜੀਬ ਕੇਸ ਸਫਲਤਾ ਪੂਰਵਕ ਹੱਲ ਕੀਤੇ ਹਨ। ਕਾਵੂਰ ਦੁਆਰਾ ਹੱਲ ਕੀਤੇ ਗਏ ਕੇਸ ਬਹੁਤ ਹੀ ਅਜੀਬ ਸਨ। ਉਸ ਦੇ ਇਸ ਕੇਸ 'ਪੁੱਤ ਤੇ ਮਾਂ' ਵਿੱਚ ਇੱਕ ਨੌਜਵਾਨ ਪ੍ਰੋਫੈਸਰ ਆਪਣੇ ਕੋਲ ਪੜ੍ਹਦੀ ਇੱਕ ਕੁੜੀ ਵਿੱਚ ਬਹੁਤ ਹੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੰਦਾ ਹੈ। ਕੁਝ ਸਾਲ ਪੜਾਉਣ ਮਗਰੋਂ ਉਹ ਉਸ ਦੇ ਬਾਪ ਕੋਲ ਜਾਂਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਮੈਂ ਇਸ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ। ਪ੍ਰੋਫੈਸਰ ਦੀ ਹੈਸੀਅਤ ਅਤੇ ਉਸ ਦੇ ਰਈਸਾਂ ਵਾਲੇ ਜੀਵਨ ਨੂੰ ਵੇਖਦਾ ਹੋਇਆ ਪਿਤਾ ਖੁਸ਼ੀ ਖੁਸ਼ੀ ਲੜਕੀ ਦੀ ਡੋਲੀ ਉਸੇ ਨਾਲ ਤੋਰ ਦਿੰਦਾ ਹੈ ਪਰ ਜਦੋਂ ਵਿਆਹ ਤੋਂ ਪੰਜ ਸਾਲ ਬਾਅਦ ਵੀ ਉਨ੍ਹਾਂ ਦੀ ਧੀ ਦੇ ਘਰ ਕੋਈ ਬੱਚਾ ਪੈਦਾ ਨਾ ਹੋਇਆ ਤਾਂ ਮਾਪੇ ਫਿਕਰਮੰਦ ਹੋ ਗਏ। ਇਸ ਤਰ੍ਹਾਂ ਉਹ ਡਾ. ਕਾਵੂਰ ਕੋਲ ਪਹੁੰਚ ਗਏ। ਡਾ. ਕਾਵੂਰ ਨੇ ਪ੍ਰੋਫੈਸਰ ਅਤੇ ਉਸ ਦੀ ਘਰ ਵਾਲੀ ਨਾਲ ਗੱਲਬਾਤ ਕੀਤੀ ਤਾਂ ਧੀ ਕਹਿਣ ਲੱਗੀ ਕਿ "ਪ੍ਰੋਫੈਸਰ ਸਾਹਿਬ ਬਹੁਤ ਚੰਗੇ ਹਨ ਅਤੇ ਮੈਨੂੰ ਹਰ ਸੁੱਖ ਸਹੂਲਤ ਦੇਣ ਲਈ ਹਰ ਵੇਲੇ ਤਿਆਰ ਰਹਿੰਦੇ ਹਨ ਪਰ ਸਰੀਰਿਕ ਤੌਰ ਉਤੇ ਉਹ ਮੈਨੂੰ ਹੱਥ ਵੀ ਨਹੀਂ ਲਾਉਂਦੇ। ਪ੍ਰੋਫੈਸਰ ਸਾਹਿਬ ਨੂੰ ਜਦੋਂ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਉਹ ਕਹਿਣ ਲੱਗੇ 'ਇਸ ਲੜਕੀ ਦੀ ਸ਼ਕਲ ਤਾਂ ਮੇਰੀ ਮਾਂ ਨਾਲ ਮਿਲਦੀ ਹੈ। ਮੇਰੇ ਬਾਪ ਦੀ ਮੌਤ ਤੋਂ ਬਾਅਦ ਮੈਂ ਅਕਸਰ ਆਪਣੀ ਮਾਂ ਨਾਲ ਹੀ ਸੌਂਦਾ ਸੀ ਪਰ ਕੁੜੀ ਨੂੰ ਟਿਊਸ਼ਨ ਪੜ੍ਹਾਉਣਾ ਸ਼ੁਰੂ ਕਰਨ ਤੋਂ ਦੋ ਮਹੀਨੇ ਪਹਿਲਾਂ ਮੇਰੀ ਮਾਂ ਮਰ ਗਈ ਸੀ। ਹੁਣ ਲੜਕੀ ਵਿੱਚ ਮੈਨੂੰ ਮੇਰੀ ਮਾਂ ਹੀ ਨਜ਼ਰ ਆਉਂਦੀ ਹੈ।" ਡਾ. ਕਾਵੂਰ ਨੇ ਲੜਕੀ ਨੂੰ ਦਿੱਤੇ ਪਹਿਲ ਕਰਨ ਦੇ ਸਲਾਹ ਮਸ਼ਵਰੇ ਨਾਲ ਸਾਲ ਦੇ ਅੰਦਰ ਅੰਦਰ ਹੀ ਉਸ ਜੋੜੀ ਦੇ ਘਰ ਬੱਚਾ ਪੈਦਾ ਹੋ ਗਿਆ।

**ਬਿਨਾਂ ਸੰਭੋਗ ਦੇ ਗਰਭ :–**ਅਜਿਹੇ ਹੀ ਇੱਕ ਹੋਰ ਕੇਸ ਨੂੰ ਡਾ. ਕਾਵੂਰ ਨੇ ਸਫਲਤਾ ਪੂਰਵਕ ਹੱਲ ਕੀਤਾ। ਇੱਕ ਸਰਕਾਰੀ ਮੁਲਾਜ਼ਮ ਨੇ 60 ਸਾਲਾਂ ਦੀ ਉਮਰ ਵਿੱਚ ਰਿਟਾਇਰ ਹੋਣ ਤੋਂ ਬਾਅਦ ਇੱਕ 37 ਸਾਲ ਦੀ ਇਸਤਰੀ ਜੈਰੀਨਾ ਨਾਲ ਵਿਆਹ ਕਰਵਾ ਲਿਆ। ਜੈਰੀਨਾ ਦਾ ਪਹਿਲਾ ਵਿਆਹ ਸੀ ਪਰ ਉਸ ਦੇ ਪਤੀ ਦਾ ਦੂਜਾ। ਇੱਕ ਲੜਕਾ ਤੇ ਲੜਕੀ ਇਸ ਜੋੜੇ ਨੇ ਪੈਦਾ ਕੀਤੇ। ਇਸ ਤੋਂ ਬਾਅਦ ਉਨ੍ਹਾਂ ਨੇ ਹੋਰ ਬੱਚਾ ਪੈਦਾ ਕਰਨ ਤੋਂ ਤੋਬਾ ਕਰ ਲਈ। ਦੋਵੇਂ ਅਲਗ ਅਲਗ ਕਮਰਿਆਂ ਵਿੱਚ ਸੌਣ ਲੱਗ ਪਏ। ਜੈਰੀਨਾ ਈਸਾਈ ਧਰਮ ਨੂੰ ਮੰਨਦੀ ਸੀ ਇਸ ਲਈ ਉਸ ਨੂੰ ਸੁਪਨਿਆਂ ਵਿੱਚ ਇੱਕ ਸੰਤ ਵਿਖਾਈ ਦੇਣ ਲੱਗ ਪਿਆ। ਸੁਪਨੇ ਵਿੱਚ ਉਹ ਉਸ ਨੂੰ ਘੜੀਸ ਕੇ ਬਾਥਰੂਮ ਵਿੱਚ ਲੈ ਜਾਂਦਾ ਤੇ ਹਰ ਕਿਸਮ ਦੀਆਂ ਹਰਕਤਾਂ ਉਸ ਨਾਲ ਕਰਦਾ। ਇਸਤਰੀ ਆਪਣੇ ਸੰਤ ਨੂੰ ਹੀ ਆਪਣਾ ਪਤੀ ਸਮਝਣ ਲੱਗ ਪਈ ਤੇ ਗਰਭਵਤੀ ਹੋ ਗਈ। ਉਸ ਦਾ ਪੇਟ ਵੱਧਣ ਲੱਗ ਪਿਆ। ਦਿਨ ਰਾਤ ਉਹ ਸੋਚਦੀ ਰਹਿੰਦੀ ਕਿ ਲੋਕ ਉਸ ਨੂੰ ਕਹਿਣਗੇ ਕਿ ਇੱਕ ਹਰਾਮੀ ਬੱਚੇ ਨੇ ਉਸ ਦੇ ਪੇਟ ਵਿਚੋਂ ਜਨਮ ਲਿਆ ਜਿਸ ਨਾਲ ਉਸ ੀ ਤੇ ਉਸ ਦੇ ਪਰਿਵਾਰ ਦੀ ਬਦਨਾਮੀ ਹੋਵੇਗੀ। ਡਾ. ਕਾਵੂਰ ਨੇ ਆਪਣੇ ਸੁਝਾਵਾਂ ਰਾਹੀਂ ਉਸ ਦਾ ਗਰਭ ਠਹਿਰਣ ਦਾ ਇਹ ਮਨੋਭਰਮ ਸਦਾ ਲਈ ਖਤਮ ਕਰ ਦਿੱਤਾ ਤੇ ਉਹ ਨੌ ਬਰ ਨੌ ਹੋ ਗਈ।

**ਊਲੀਮਾਦੀ ਦਾ ਲਾਟਾਂਵਾਲਾ ਵਾਲਾ ਜੰਗਲ:–** ਭੂਤਾਂ ਪ੍ਰੇਤਾਂ ਦੀ ਤਲਾਸ਼ ਵਿੱਚ ਡਾ. ਕਾਵੂਰ ਤੇ ਉਸ ਦੇ ਕੁਝ ਦੋਸਤ ਅਜਿਹੇ ਇੱਕ ਜੰਗਲ ਵਿੱਚ ਗਏ। ਚਿਨਾਈਆ ਨਾਮ ਦੇ ਵਿਅਕਤੀ ਨੂੰ ਉਨ੍ਹਾਂ ਨੇ ਦਿਹਾੜੀ ਤੇ ਗਾਇਡ ਦੇ ਤੌਰ ਉੱਤੇ ਆਪਣੇ ਨਾਲ ਲੈ ਲਿਆ ਅਤੇ ਕਹਿਣ ਲੱਗੇ ਆਪਾਂ ਉਲੂਮਾਦੀ ਦੇ ਨਜ਼ਦੀਕ ਵਾਲੇ ਜੰਗਲ ਵਿੱਚ ਅਸੀਂ ਅਸੀਂ ਜਾਣਾ ਹੈ ਪਰ ਪਰ ਉਹ ਕਹਿਣ ਲੱਗਿਆ ਕਿ ਅਸੀਂ ਨਹੀਂ ਜਾ ਸਕਦੇ ਕਿਉਂਕਿ ਉਸ ਜੰਗਲ ਦੀ ਰਾਖੀ ਤਾਂ 'ਕਾਦੇਰੀ' ਨਾਮ ਦਾ ਭੂਤ ਕਰਦਾ ਹੈ। ਉਸ ਨੇ ਜੰਗਲ ਵਿਚੋਂ 'ਲਾਟਾਂ' ਨਿਕਲਦੀਆਂ ਉਨ੍ਹਾਂ ਨੂੰ ਦੂਰੋਂ ਹੀ ਵਿਖਾਈ ਦਿੰਦੀਆਂ ਹਨ। ਰਾਤ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੇ ਦਿਨ ਚੜ੍ਹੇ ਉਸ ਸਥਾਨ ਤੇ ਜਾਣ ਦਾ ਮਨ ਬਣਾਇਆ। ਸਵੇਰੇ ਸੱਤ ਵਜੇ ਜਦੋਂ ਉਹ ਉਸ ਸਥਾਨ ਤੇ ਪਹੁੰਚੇ ਤਾਂ ਉਨ੍ਹਾਂ ਨੇ ਉਥੇ ਦੋ ਸੁੱਕੇ ਦਰੱਖਤ ਵੇਖੇ। ਕਾਵੂਰ ਨੇ ਉਸ ਦੇ ਕੁਝ ਸੱਕ ਚਾਕੂ ਨਾਲ ਉਤਾਰ ਲਏ। ਬਨਾਸਪਤੀ ਵਿਗਿਆਨ ਦਾ ਪ੍ਰੋਫੈਸਰ ਹੋਣ ਕਾਰਣ ਪ੍ਰਯੋਗਸ਼ਾਲਾ ਦਾ ਉਹ ਇੰਚਾਰਜ ਸੀ। ਖੁਰਦਬੀਨ ਹੇਠਾਂ ਰੱਖੇ ਸੱਕਾਂ ਵਿੱਚ ਉਸ ਨੂੰ ਉੱਲੀ ਦੀ ਉਹ ਕਿਸਮ ਲੱਭ ਗਈ ਜਿਹੜੀ ਰਾਤ ਨੂੰ ਰੌਸ਼ਨੀ ਦਿੰਦੀ ਹੈ। ਇਸ ਤਰ੍ਹਾਂ ਉਸ ਨੇ ਹਰ ਘਟਨਾ ਪਿਛੇ ਵਿਗਿਆਨ ਦੇ ਕਾਰਨ ਲੱਭਣ ਦੀ ਪਿਰਤ ਪਾਈ। ਪੰਜਾਬ ਦੇ ਤਰਕਸ਼ੀਲਾਂ ਨੇ ਉਨ੍ਹਾਂ ਦੇ ਕਦਮਾਂ ਉੱਤੇ ਚਲਦੇ ਸੈਂਕੜੇ ਹੀ ਅਜਿਹੇ ਮਾਮਲੇ ਹੱਲ ਕੀਤੇ ਹਨ।


ਦਰੱਖਤਾਂ ਵਿਚੋਂ ਦੁੱਧ ਨਿਕਲਣ ਦਾ ਮਸਲਾ ਹੋਵੇ, ਜਾਂ ਦਰੱਖਤਾਂ ਦਾ ਹਨੇਰੀ ਤੋਂ ਬਾਅਦ ਡਿੱਗ ਕੇ ਖ਼ੜੇ ਹੋਣ ਦੀ ਘਟਨਾ ਹੋਵੇ, ਭਾਵੇਂ ਕਿਸੇ ਘਰ ਵਿੱਚ ਪਸ਼ੂਆਂ ਤੇ ਜੀਆਂ ਦੇ ਮਰਨ ਦਾ ਮਸਲਾ ਹੋਵੇ, ਭਾਵੇਂ ਮੂਰਤੀਆਂ ਦੇ ਦੁੱਧ ਪੀਣ ਦਾ ਮਸਲਾ ਹੋਵੇ ਜਾਂ ਜ਼ਮੀਨ ਵਿਚੋਂ ਧੰਨ ਦੇ ਘੜੇ ਨਿਕਲਣ ਦੀ ਘਟਨਾ ਹੋਵੇ, ਤਰਕਸ਼ੀਲ ਅਜਿਹੀਆਂ ਥਾਵਾਂ ਤੇ ਪਹੁੰਚਦੇ ਰਹੇ ਹਨ ਅਤੇ ਪਹੁੰਚਦੇ ਰਹਿਣਗੇ।

**ਸਰੀਰਦਾਨ ਦੀ ਪਿਰਤਾ:–** 1974 ਵਿੱਚ ਡਾ. ਕਾਵੂਰ ਦੀ ਪਤਨੀ ਸ਼੍ਰੀਮਤੀ ਅੱਕਾ ਕਾਵੂਰ ਮੌਤ ਨੂੰ ਪਿਆਰੀ ਹੋ ਗਈ। ਉਨ੍ਹਾਂ ਨੇ ਆਪਣੀ ਪਤਨੀ ਦਾ ਮ੍ਰਿਤਕ ਸਰੀਰ ਕੋਲੰਬੋ ਯੂਨੀਵਰਸਿਟੀ ਦੇ ਮੈਡੀਕਲ ਵਿਭਾਗ ਨੂੰ ਸੌਂਪ ਦਿੱਤਾ ਤਾਂ ਕਿ ਮੈਡੀਕਲ ਦੀ ਪੜ੍ਹਾਈ ਦੇ ਵਿਦਿਆਰਥੀ ਉਸ ਦੀ ਚੀਰ ਫਾੜ ਤੋਂ ਲਾਭ ਉਠਾ ਸਕਣ। ਪੰਜਾਬ ਦੇ ਤਰਕਸ਼ੀਲਾਂ ਨੇ ਵੀ ਇਸ ਪਿਰਤ ਨੂੰ ਅੱਗੇ ਵਧਾਇਆ ਹੈ। ਅੱਜ ਪੰਜਾਬ ਦੇ ਸਾਰੇ ਮੈਡੀਕਲ ਕਾਲਜਾਂ ਵਿੱਚ ਮ੍ਰਿਤਕ ਸਰੀਰਾਂ ਦੀ ਕੋਈ ਕਮੀ ਨਹੀਂ। ਇਸ ਤੋਂ ਅੱਗੇ ਅੰਗ ਦਾਨ, ਖੂਨ ਦਾਨ, ਅੱਖਾਂ ਦਾਨ ਦੇ ਖੇਤਰ ਵਿੱਚ ਤਰਕਸ਼ੀਲ ਕਿਸੇ ਤੋਂ ਪਿਛੇ ਨਹੀਂ ਹਨ।

**ਜਾਤ-ਪਾਤ ਦਾ ਕੋਹੜ :–** ਇੱਕ ਵਾਰ ਡਾ. ਕਾਵੂਰ ਨਦੀ ਪਾਰ ਕਰਨ ਲਈ ਕਿਸ਼ਤੀ ਵਿੱਚ ਬੈਠ ਗਈ ਜੋ ਕੇਰਲਾ ਦਾ ਨੰਬੂਦਰੀ ਬ੍ਰਾਹਮਣ ਸੀ। ਤੀਜੀ ਸਵਾਰੀ ਜਦੋਂ ਕਿਸ਼ਤੀ ਵਿੱਚ ਚੜ੍ਹਨ ਲੱਗੀ ਤਾਂ ਬ੍ਰਾਹਮਣ ਜੀ ਉਸ ਨੂੰ ਪੁੱਛਣ ਲਗੇ ਕਿ 'ਤੂੰ ਅਛੂਤ ਹੈਂ?' ਉਸ ਦੇ ਹਾਂ ਕਹਿਣ ਤੇ ਉਸ ਨੂੰ ਕਿਸ਼ਤੀ ਵਿੱਚ ਬੈਠਣ ਤੋਂ ਹੀ ਰੋਕ ਦਿੱਤਾ ਪਰ ਕਾਵੂਰ ਦੇ ਕਹਿਣ ਤੇ ਉਹ ਵਿਅਕਤੀ ਸਵਾਰ ਹੋਣ ਲਗਿਆ ਤਾਂ ਨੰਬੂਦਰੀ ਨੇ ਕਿਸ਼ਤੀ ਵਿਚੋਂ ਛਾਲ ਮਾਰ ਦਿੱਤੀ ਅਤੇ ਉਹ ਨਦੀ ਵਿੱਚ ਡੁੱਬਣ ਲੱਗਾ। ਕਾਵੂਰ ਦੇ ਕਹਿਣ ਤੋ ਉਸ ਅਛੂਤ ਵਿਅਕਤੀ ਨੇ ਨੰਬੂਦਰੀ ਨੂੰ ਨਦੀ ਵਿਚੋਂ ਡੁੱਬਣ ਤੋਂ ਬਚਾ ਲਿਆ। ਉਸ ਤੋਂ ਬਾਅਦ ਕਾਵੂਰ ਨੇ ਉਸ ਨੂੰ ਪੁੱਛਿਆ 'ਜੇ ਅਛੂਤ ਤੈਨੂੰ ਨਾ ਬਚਾਉਂਦਾ ਤਾਂ ਤੂੰ ਹੁਣ ਨੂੰ ਜਹਾਨੋਂ ਵਿਦਾ ਹੋ ਜਾਣਾ ਸੀ।" ਅਸੀਂ ਤਰਕਸ਼ੀਲ ਵੀ ਇਨਸਾਨੀਅਤ ਨੂੰ ਮੂਰਤੀਆਂ, ਗ੍ਰੰਥਾਂ ਤੇ ਅਸਥਾਨਾਂ ਨਾਲੋਂ ਵੱਧ ਜ਼ਰੂਰੀ ਸਮਝਦੇ ਹਾਂ ਤੇ ਨਾਲ ਹੀ ਇਹ ਗੱਲ ਵੀ ਸਾਡੇ ਲਈ ਸੱਪਸ਼ਟ ਹੈ ਕਿ ਮਨੁੱਖ ਹੀ ਮੂਰਤੀਆਂ, ਗ੍ਰੰਥਾਂ ਤੇ ਅਸਥਾਨਾਂ ਦਾ ਸਿਰਜਣਾਰ ਹੈ।

ਕਾਵੂਰ ਨੇ ਪਾਖੰਡੀਆਂ ਨੂੰ ਮਾਤ ਦੇਣ ਤੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਣ ਲਈ ਭਾਰਤ ਦੀਆਂ ਯਾਤਰਾਵਾਂ ਵੀ ਕੀਤੀਆਂ। ਉਸ ਨੇ ਆਪਣੇ ਦੁਆਰਾ ਕੀਤੇ ਤਜਰਬਿਆਂ ਨੂੰ ਦੋ ਕਿਤਾਬਾਂ ਵਿੱਚ ਵਧੀਆ ਢੰਗ ਨਾਲ ਬਿਆਨ ਕੀਤਾ ਹੈ। ਇਹ ਸ਼ਖਸੀਅਤ 18 ਸਤੰਬਰ 1978 ਨੂੰ ਸਦੀਵੀ ਵਿਛੋੜਾ ਦੇ ਗਈ। ਪੰਜਾਬ ਦੇ ਲੱਖਾਂ ਵਿਅਕਤੀਆਂ ਨੇ ਉਸ ਦੀਆਂ ਕਿਤਾਬਾਂ ਦੀ ਪੜਤਾਲ ਕਰਦੇ ਹੋਏ ਭੂਤਾਂ ਪ੍ਰੇਤਾਂ ਦੇ ਡਰ ਤੋਂ ਬਗੈਰ ਜ਼ਿੰਦਗੀ ਜਿਊਣੀ ਸ਼ੁਰੂ ਕੀਤੀ ਹੋਈ ਹੈ। ਆਪਣੀ ਕੋਠੀ ਦਾ ਨੀਂਹ ਪੱਥਰ ਅਸ਼ੁੱਭ ਦਿਨ ਰੱਖਣ ਵਾਲਾ ਇਹ ਵਿਅਕਤੀ ਅੱਜ ਵੀ ਲੋਕਾਂ ਨੂੰ ਹੋਕਾ ਦੇ ਰਿਹਾ ਹੈ।

## ਆਜ਼ਾਦੀ



ਲੋਕ ਕਵੀ
ਗੁਰਦਾਸ ਰਾਮ 'ਆਲਮ'

ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ?
'ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ'।
ਮੈਂ ਜੱਗੂ ਤੋਂ ਸੁਣਿਆ, ਅੰਬਾਲੇ ਖੜੀ ਸੀ।
ਬੜੀ ਭੀੜ ਉਸ ਦੇ, ਉਦਾਲੇ ਖੜ੍ਹੀ ਸੀ।
ਬਿਰਲੇ ਦੇ ਘਰ ਵਲ, ਪਛਾੜੀ ਸੀ ਉਸ ਦੀ।
ਤੇ ਲੋਕਾਂ ਦੇ ਮੂੰਹ ਵੱਲ, ਅਗਾੜੀ ਸੀ ਉਸ ਦੀ,
ਆਈ ਨੂੰ ਭਾਵੇਂ, ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ, ਦਰਸ਼ਨ ਨਹੀਂ ਕੀਤਾ।

ਦਿੱਲੀ 'ਚ ਆਉਂਦੀ ਹੈ, ਸਰਦੀ ਦੀ ਰੁੱਤੇ।
ਤੇ ਹਾੜ੍ਹਾਂ ਨੂੰ ਰਹਿੰਦੀ, ਪਹਾੜਾਂ ਦੇ ਉਤੇ।
ਗਰੀਬਾਂ ਨਾਲ ਲੱਗਦੀ, ਲੜੀ ਹੋਈ ਆ ਖਬਰੇ।
ਅਮੀਰਾਂ ਤੇ ਹੱਥੀਂ, ਚੜ੍ਹੀ ਹੋਈ ਆ ਖਬਰੇ।
ਅਖਬਾਰਾਂ 'ਚੋਂ ਪੜ੍ਹਿਆ, ਜਰਵਾਣੀ ਜਹੀ ਏ।
ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਹੀ ਏ।

ਮੰਨੇ ਜੋ ਉਹ ਕਹਿਣਾ, ਅਸੀਂ ਵੀ ਮੰਗਾਈਏ,
ਛੱਨਾਂ ਤੇ ਢਾਰਿਆਂ 'ਚ ਭੁੰਜੇ ਸੁਆਈਏ।
ਪਰ ਏਨਾ ਪਤਾ ਨਹੀਂ, ਕੀ ਖਾਂਦੀ ਹੁੰਦੀ ਏ।
ਕਿਹੜੀ ਚੀਜ਼ ਤੋਂ ਦਿਲ, ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।

# ਮਾਫੀ ਦੇ ਸਿਧਾਂਤ ਦੀਆਂ ਧੱਜੀਆਂ ਉਡਾ ਰਹੇ ਲੋਕ



ਫਰੈਡੀ ਜੋਜ਼ਫ

ਪੰਜਾਬ ਵਿੱਚ ਜੋ ਦੁਖਦਾਈ ਘਟਨਾਵਾਂ ਪਿਛਲੇ ਦਿਨਾਂ ਵਿੱਚ ਮਸੀਹੀ ਖੇਤਰ ਵਿੱਚ ਵਾਪਰੀਆਂ, ਜੇਕਰ ਪਵਿੱਤਰ ਬਾਈਬਲ ਵਿੱਚ ਅਜੇਹੇ ਹਾਲਾਤ ਨਾਲ ਨਿਪਟਣ ਲਈ ਦਿੱਤੇ ਗਏ ਸਿਧਾਂਤਾਂ ਤੇ ਅਮਲ ਕੀਤਾ ਜਾਂਦਾ ਤਾਂ ਹਾਲਾਤ ਖਰਾਬ ਨਾ ਹੁੰਦੇ। ਨਾ ਖੁਦਾ ਦੇ ਮਹਾਨ ਸੇਵਕ ਪਾਸਟਰ ਸੁਲਤਾਨ ਮਸੀਹ ਦਾ ਸਦੀਵੀ ਵਿਛੋੜਾ ਮਸੀਹੀ ਕੌਮ ਨੂੰ ਝਲਣਾ ਪੈਂਦਾ ਹੈ, ਨਾ ਹੀ ਜਲੰਧਰ ਵਿੱਚ 8 ਈਸਾਈ ਨੌਜਵਾਨਾਂ ਉਪਰ ਪੁਲਿਸ ਵਲੋਂ ਝੂਠੇ ਕੇਸ ਪਾਏ ਜਾਂਦੇ ਅਤੇ ਨਾ ਹੀ ਪੰਜਾਬ ਦੇ ਈਸਾਈਆਂ ਅਤੇ ਵੱਖ ਵੱਖ ਦੇਸ਼ਾਂ ਵਿੱਚ ਬੈਠੇ ਪੰਜਾਬੀ ਈਸਾਈਆਂ ਨੂੰ ਇੰਨਾ ਮਾਨਸਿਕ ਤਨਾਅ ਝਲਣਾ ਪੈਂਦਾ। ਸਾਡੀ ਸੋਚੀ ਸਮਝੀ ਰਾਏ ਹੈ ਕਿ ਤਰਨ ਤਾਰਨ ਦੇ ਪਿੰਡ ਸੰਘਾ ਵਿੱਚ ਜੋ ਕੁਝ ਵਾਪਰਿਆ ਉਹ ਨਿਸਚੇ ਹੀ ਇੱਕ ਬਹੁਤ ਦੁਖਦਾਈ ਘਟਨਾ ਸੀ ਪਰ ਜੇਕਰ ਇਸ ਘਟਨਾ ਨਾਲ ਪਵਿੱਤਰ ਬਾਈਬਲ ਦੇ ਸਿਧਾਂਤਾਂ ਅਨੁਸਾਰ ਨਜਿਠਿਆ ਜਾਂਦਾ ਤਾਂ ਨਾ ਕੇਵਲ ਇਸ ਤੋਂ ਪੈਦਾ ਹੋਣ ਵਾਲੀਆਂ ਦੁੱਖਦਾਈ ਘਟਨਾਵਾਂ ਹੀ ਵਾਪਰਦੀਆਂ ਅਤੇ ਨਾ ਹੀ ਗੈਰ ਕੌਮਾਂ ਨੂੰ ਇਹ ਸੰਕੇਤ ਜਾਂਦਾ ਕਿ ਪਵਿੱਤਰ ਬਾਈਬਲ ਵਿੱਚ ਵਰਣਿਤ ਮਾਫੀ ਦੇ ਸਿਧਾਂਤ ਦਾ ਈਸਾਈਆਂ ਦੇ ਅਮਲੀ ਜੀਵਨ ਵਿੱਚ ਕੋਈ ਸਥਾਨ ਨਹੀਂ। ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਪ੍ਰਤੀ ਪ੍ਰਤੀਕਰਮ ਪ੍ਰਗਟ ਕਰਨ ਵਾਲੇ ਈਸਾਈਆਂ ਨੇ ਆਸਟ੍ਰੇਲੀਆ ਦੀ ਉਸ ਔਰਤ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਦੇ ਪਤੀ ਨੂੰ ਕੱਟੜਪੰਥੀਆਂ ਨੇ ਉਸਦੇ ਨਿੱਕੇ ਨਿੱਕੇ ਦੋ ਮਾਸੂਮ ਬੇਟਿਆਂ ਸਮੇਤ ਜ਼ਿੰਦਾ ਜਲਾ ਦਿੱਤਾ ਪਰ ਇਸ ਔਰਤ ਨੇ ਪ੍ਰਭੂ ਯਿਸੂ ਦੇ ਮਾਫੀ ਦੇ ਸਿਧਾਂਤ ਤੇ ਚਲਦਿਆਂ ਕਿਹਾ – ਅਸੀਂ ਬਦਲਾ ਨਹੀਂ ਲੈਣਾ। ਨਾ ਹੀ ਇਨ੍ਹਾਂ ਈਸਾਈਆਂ ਨੇ ਰਾਜੀਵ ਗਾਂਧੀ ਦੀ ਹੱਤਿਆ ਸਮੇਂ ਸ਼੍ਰੀਮਤੀ ਸੋਨੀਆ ਗਾਂਧੀ ਦੇ ਆਏ ਇਸ ਬਿਆਨ ਤੋਂ ਕੁਝ ਸਿੱਖਿਆ "ਅਸੀਂ ਬਦਲਾ ਨਹੀਂ ਲੈਣਾ।" ਪਵਿੱਤਰ ਬਾਈਬਲ ਦੇ ਸਿਧਾਂਤਾਂ ਦੇ ਉਲਟ ਚਲ ਕੇ ਜਿਨ੍ਹਾਂ ਈਸਾਈਆਂ ਨੇ ਇਹੋ ਜਿਹੇ ਹਾਲਾਤ ਪੈਦਾ ਕੀਤੇ ਉਹ ਕੋਈ ਆਮ ਈਸਾਈ ਨਹੀਂ ਹੈ। ਉਹ ਸਾਡੇ ਉਹ ਧਾਰਮਿਕ ਲੀਡਰ ਹਨ ਜੋ ਕਈ ਕਈ ਸਾਲਾਂ ਤੋਂ ਆਪਣੇ ਗਿਰਜਿਆਂ ਵਿੱਚ ਲੋਕਾਂ ਨੂੰ ਪ੍ਰਭੂ ਯਿਸੂ ਦੇ ਮਾਫੀ ਦਾ ਸਿਧਾਂਤ ਸਿਖਾਉਂਦੇ ਰਹੇ ਪਰ ਜਦ ਇਸ ਸਿਧਾਂਤ ਉੱਤੇ ਅਮਲ ਕਰਨ ਦਾ ਸਮਾਂ ਆਇਆ ਤਾਂ ਉਹ ਆਪ ਹੀ ਇਸ ਤੋਂ ਉਖੜ ਗਏ ਅਤੇ ਸਾਰੇ ਪੰਜਾਬ ਦੇ ਈਸਾਈਆਂ ਨੂੰ ਪ੍ਰਭੂ ਯਿਸੂ ਦੇ ਮਾਫੀ ਦੇ ਸਿਧਾਂਤ ਦੇ ਲੀਹ ਉੱਤੋ ਉਤਾਰ ਦਿੱਤਾ। ਅਤੇ ਸਾਰੇ ਈਸਾਈਆਂ ਨੂੰ ਗੈਰ ਈਸਾਈਆਂ ਵਿੱਚ ਮਜ਼ਾਕ ਬਣਾ ਕੇ ਰੱਖ ਦਿੱਤਾ।

– ਐ ਖੁਦਾ ਇਨ੍ਹਾਂ ਨੂੰ ਮਾਫ ਕਰ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ?" ਕੀ ਇਹਨਾਂ ਸ਼ਬਦਾਂ ਦੀ ਵਿਆਖਿਆ ਸਾਡੇ ਧਾਰਮਿਕ ਨੇਤਾਵਾਂ ਦੇ ਭਾਸ਼ਣਾਂ ਦਾ ਸ਼ਿੰਗਾਰ ਹੀ ਸੀ ਜਾਂ ਇਸਦਾ ਕੋਈ ਅਮਲੀ ਪੱਖ ਵੀ ਹੈ? ਅਸੀਂ ਸਮਝਦੇ ਹਾਂ ਕਿ ਪਵਿੱਤਰ ਬਾਈਬਲ ਦੀ ਰੂਹ ਅਨੁਸਾਰ ਇੱਕ ਵੱਡਾ ਈਸਾਈ ਇਕੱਠ ਕਰਕੇ ਪਿੰਡ ਸੰਘਾ ਦੇ ਦੋਸ਼ੀਆਂ ਲਈ ਦੁਆਵਾਂ ਮੰਗੀਆਂ ਜਾਂਦੀਆਂ – "ਐ ਖੁਦਾ ਇਨ੍ਹਾਂ ਨੂੰ ਮਾਫ ਕਰ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।" ਈਸਾਈ ਕੌਮ ਪਵਿੱਤਰ ਬਾਈਬਲ ਦੀ ਰੂਹ ਅਨੁਸਾਰ ਇਨ੍ਹਾਂ ਦੀ ਮਾਫੀ ਲਈ ਖੁਦਾ ਕੋਲੋਂ ਪ੍ਰਾਰਥਨਾ ਕਰਦੀ ਅਤੇ ਐਲਾਨ ਕਰਦੀ ਕਿ ਇਨ੍ਹਾਂ ਤੋਂ ਉਹ ਕਦੀ ਬਦਲਾ ਨਾ ਲਵੇਗੀ। ਆਪਣਾ ਪਾਲੇਟਿਕਸ ਚਮਕਾਉਣ ਲਈ ਗੈਰ ਈਸਾਈ ਅਖਬਾਰਾਂ ਵਿੱਚ ਭੜਕਾਊ ਬਿਆਨ ਦੇਣ ਦੀ ਬਜਾਏ, ਇਹ ਬਿਆਨ ਆਉਂਣਾ ਚਾਹੀਦਾ ਸੀ ਕਿ ਈਸਾਈ ਕੌਮ ਇਨ੍ਹਾਂ ਵਿਰੁਧ ਕੋਈ ਬਦਲੇ ਦੀ ਭਾਵਨਾ ਨਹੀਂ ਰੱਖਦੀ। ਬਲਕਿ ਇਨ੍ਹਾਂ ਪ੍ਰਤੀ ਸਦਭਾਵਨਾ ਰੱਖਦੀ ਹੈ। ਇਸ ਆਸ਼ੇ ਦੇ ਪੈਂਫਲਿਟ ਗਲੀ ਗਲੀ, ਮੁਹੱਲੇ ਮੁਹੱਲੇ, ਪਿੰਡ ਪਿੰਡ ਵੰਡੇ ਜਾਂਦੇ। ਅਸੀਂ ਸਮਝਦੇ ਹਾਂ ਕਿ ਸਾਰੀ ਦੁਨੀਆਂ ਨੂੰ ਮਸੀਹੀ ਫਿਲਾਸਫੀ ਦਾ ਬਹੁਤ ਵਧੀਆ ਸੰਕੇਤ ਜਾਂਦਾ। ਲੋਕਾਂ ਨੂੰ ਪਤਾ ਲਗਦਾ ਕਿ ਪ੍ਰਭੂ ਯਿਸੂ ਦਾ ਮਾਫੀ ਸਿਧਾਂਤ ਕੀ ਹੈ।

# ਪਰਵਾਸੀ ਭਾਰਤੀ, ਪ੍ਰਾਕਸੀ ਵੋਟ ਅਤੇ ਮੋਦੀ ਸਰਕਾਰ



ਗੁਰਮੀਤ ਸਿੰਘ ਪਲਾਹੀ
91-98158-02070

**ਇਸ ਸਿਸਟਮ ਰਾਹੀਂ ਵੋਟਿੰਗ ਦਾ ਅਧਿਕਾਰ ਰੱਖਣ ਵਾਲਾ ਵਿਅਕਤੀ ਆਪਣੇ ਵਿਧਾਨ ਸਭਾ ਅਤੇ ਲੋਕ ਸਭਾ ਹਲਕੇ ਤੋਂ ਕਿਸੇ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ, ਜੋ ਉਸ ਦੀ ਥਾਂ ਉੱਤੇ ਵੋਟ ਪਾਉਂਦਾ ਹੈ। ਇਹ ਵਿਵਸਥਾ ਬਰਤਾਨੀਆ 'ਚ ਅਪਣਾਈ ਜਾਂਦੀ ਹੈ। ਪਰਵਾਸੀ ਭਾਰਤੀਆਂ ਲਈ ਇਹ ਵਿਵਸਥਾ ਸ਼ੁਰੂ ਕਰਨ ਲਈ ਦੋ ਤਰੀਕੇ ਅਪਣਾਏ ਜਾ ਸਕਦੇ ਹਨ। ਇਹਨਾਂ 'ਚੋਂ ਪਹਿਲਾ ਤਰੀਕਾ ਇਹ ਹੋ ਸਕਦਾ ਹੈ ਕਿ ਵੱਖ-ਵੱਖ ਦੇਸ਼ਾਂ 'ਚ ਸਥਿਤ ਭਾਰਤੀ ਰਾਜਦੂਤ ਘਰਾਂ 'ਚ ਜਾ ਕੇ ਪਰਵਾਸੀ ਆਪਣੀ ਵੋਟ ਪਾਉਣ। ਇਸ ਲਈ ਬੈਲਟ ਪੇਪਰ ਇਲੈਕਟ੍ਰੌਨਿਕ ਤਰੀਕੇ ਨਾਲ ਭੇਜੇ ਜਾ ਸਕਦੇ ਹਨ, ਜਦੋਂ ਕਿ ਦੂਜਾ ਤਰੀਕਾ ਭਾਰਤ 'ਚ ਪਹਿਲਾਂ ਤੋਂ ਲਾਗੂ ਸਰਕਾਰੀ ਕਰਮਚਾਰੀਆਂ ਵੱਲੋਂ ਕੀਤੀ ਜਾਣ ਵਾਲੀ ਵੋਟਿੰਗ ਵਿਵਸਥਾ ਵਰਗਾ ਹੋ ਸਕਦਾ ਹੈ।**

ਦੋ ਫ਼ੈਸਲੇ ਪਰਵਾਸੀ ਭਾਰਤੀਆਂ ਲਈ ਅਹਿਮ ਹਨ : ਪਹਿਲਾ, ਕੇਂਦਰ ਸਰਕਾਰ ਵੱਲੋਂ ਪ੍ਰਾਕਸੀ ਵੋਟ ਦਾ ਪਰਵਾਸੀ ਭਾਰਤੀਆਂ ਨੂੰ ਅਧਿਕਾਰ ਦੇਣਾ ਅਤੇ ਦੂਜਾ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੇ ਹਿੱਤ ਵਿੱਚ ਉਹਨਾਂ ਦੀ ਜ਼ਮੀਨ-ਜਾਇਦਾਦ ਖ਼ਾਲੀ ਕਰਵਾਉਣ ਲਈ ਕਰੜਾ ਕਨੂੰਨ ਪਾਸ ਕਰਨ ਲਈ ਸੋਚ-ਵਿਚਾਰ ਕਰਨਾ। ਇਹਨਾਂ ਦੋਵਾਂ ਫ਼ੈਸਲਿਆਂ ਪਿੱਛੇ ਭਾਵੇਂ ਦੋਹਾਂ ਸਰਕਾਰਾਂ ਦਾ ਮੰਤਵ ਆਪਣੇ ਵੋਟ ਬੈਂਕ ਨੂੰ ਪੱਕਾ ਕਰਨਾ ਕਿਹਾ ਜਾ ਸਕਦਾ ਹੈ, ਜਿਸ ਦੇ ਸਮਾਂ ਆਉਣ 'ਤੇ ਦੂਰ-ਰਸ ਸਿੱਟੇ ਨਿਕਲਣਗੇ, ਪਰ ਪਰਵਾਸੀ ਭਾਰਤੀਆਂ ਲਈ ਇਹ ਦੋਵੇਂ ਫ਼ੈਸਲੇ ਚੰਗਾ ਸ਼ਗਨ ਹਨ।

ਦੁਨੀਆ ਭਰ ਵਿੱਚ ਭਾਰਤੀ ਮੂਲ ਦੇ ਲੱਗਭੱਗ ਤਿੰਨ ਕਰੋੜ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਇੱਕ ਕਰੋੜ ਤੀਹ ਲੱਖ ਲੋਕ ਪਰਵਾਸੀ ਭਾਰਤੀ (ਐੱਨ ਆਰ ਆਈ, ਅਰਥਾਤ ਨਾਨ-ਰੈਜ਼ੀਡੈਂਟ ਇੰਡੀਅਨ) ਹਨ। ਭਾਰਤ ਸਰਕਾਰ ਦੀ ਮੋਦੀ ਕੈਬਨਿਟ ਨੇ ਇਹਨਾਂ ਐੱਨ ਆਰ ਆਈਜ਼ ਨੂੰ ਪ੍ਰਾਕਸੀ ਵੋਟਿੰਗ ਦੀ ਮਨਜ਼ੂਰੀ ਦੇ ਦਿੱਤੀ ਹੈ। ਕੈਬਨਿਟ ਦੀ ਮੀਟਿੰਗ ਦਾ ਫ਼ੈਸਲਾ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇਗਾ ਤੇ ਇਹ ਕਨੂੰਨ ਬਣ ਜਾਵੇਗਾ। ਇਸ ਬਾਰੇ ਮਨ ਵਿੱਚ ਇਸ ਸੁਆਲ ਦਾ ਉੱਠਣਾ ਸੁਭਾਵਕ ਹੈ ਕਿ ਕੀ ਇਹ ਪਰਵਾਸੀ ਭਾਰਤੀਆਂ ਦਾ ਮਨ ਜਿੱਤਣ ਦੀ ਕੋਸ਼ਿਸ਼ ਤਾਂ ਨਹੀਂ?

ਸਾਲ 2019 ਵਿੱਚ ਦੇਸ਼ ਵਿੱਚ ਆਮ ਚੋਣਾਂ ਹੋਣੀਆਂ ਹਨ। ਇਹਨਾਂ ਚੋਣਾਂ ਲਈ ਹਾਲੇ 22 ਮਹੀਨੇ ਬਾਕੀ ਹਨ। ਭਾਜਪਾ ਨੇ ਪਰਵਾਸੀ ਭਾਰਤੀਆਂ ਨੂੰ ਪ੍ਰਾਕਸੀ ਵੋਟਿੰਗ ਦੀ ਮਨਜ਼ੂਰੀ ਦਿਵਾ ਕੇ 2019 ਲਈ ਵੱਡਾ ਦਾਅ ਖੇਡ ਦਿੱਤਾ ਹੈ। ਪ੍ਰਧਾਨ ਮੰਤਰੀ ਵੱਲੋਂ ਪ੍ਰਾਕਸੀ ਵੋਟਿੰਗ ਦਾ ਅਧਿਕਾਰ ਦੇ ਕੇ ਜਿੱਥੇ ਪਰਵਾਸੀ ਭਾਰਤੀਆਂ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਉਥੇ ਦੱਖਣੀ ਭਾਰਤ 'ਚ ਭਾਜਪਾ ਨੇ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਇਹ ਸਿਆਸੀ ਚਾਲ ਚੱਲੀ ਜਾਪਦੀ ਹੈ। ਇਸ ਵੇਲੇ ਪਰਵਾਸੀ ਭਾਰਤੀਆਂ ਵਿੱਚ ਵੱਡੀ ਗਿਣਤੀ ਦੱਖਣੀ ਭਾਰਤ ਦੇ ਲੋਕਾਂ ਦੀ ਹੈ, ਜੋ ਮਿਡਲ ਈਸਟ ਦੇਸ਼ਾਂ; ਸਾਊਦੀ ਅਰਬ, ਦੁਬੱਈ, ਕੁਵੈਤ, ਉਮਾਨ ਵਿੱਚ ਵਸਦੇ ਹਨ। ਕੇਰਲਾ ਸੂਬੇ 'ਤੇ ਇਸ ਦਾ ਪ੍ਰਭਾਵ ਵੱਧ ਪਵੇਗਾ, ਜਿੱਥੇ ਉਮੀਦਵਾਰ ਕਈ ਵੇਰ ਵਿਧਾਨ ਸਭਾ ਵਿੱਚ ਹਜ਼ਾਰ- ਦੋ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿੱਤਦੇ ਹਨ। ਪਰਵਾਸੀ ਭਾਰਤੀਆਂ ਨੂੰ ਆਪਣੀ ਵੋਟ ਆਪਣੇ ਹਲਕੇ 'ਚ ਰਜਿਸਟਰਡ ਕਰਾਉਣ ਅਤੇ ਵੋਟ ਪਾਉਣ ਦਾ ਅਧਿਕਾਰ ਹੈ, ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ 11844 ਲੋਕਾਂ ਨੇ ਹੀ ਇਸ ਅਧਿਕਾਰ ਦਾ ਚੋਣਾਂ ਸਮੇਂ ਭਾਰਤ ਪੁੱਜ ਕੇ ਇਸਤੇਮਾਲ ਕੀਤਾ ਸੀ।

### ਕੀ ਹੁੰਦੀ ਹੈ ਪ੍ਰਾਕਸੀ ਵੋਟਿੰਗ?

ਇਸ ਸਿਸਟਮ ਰਾਹੀਂ ਵੋਟਿੰਗ ਦਾ ਅਧਿਕਾਰ ਰੱਖਣ ਵਾਲਾ ਵਿਅਕਤੀ ਆਪਣੇ ਵਿਧਾਨ ਸਭਾ ਅਤੇ ਲੋਕ ਸਭਾ ਹਲਕੇ ਤੋਂ ਕਿਸੇ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ, ਜੋ ਉਸ ਦੀ ਥਾਂ ਉੱਤੇ ਵੋਟ ਪਾਉਂਦਾ ਹੈ। ਇਹ ਵਿਵਸਥਾ ਬਰਤਾਨੀਆ 'ਚ ਅਪਣਾਈ ਜਾਂਦੀ ਹੈ।

ਪਰਵਾਸੀ ਭਾਰਤੀਆਂ ਲਈ ਇਹ ਵਿਵਸਥਾ ਸ਼ੁਰੂ ਕਰਨ ਲਈ ਦੋ ਤਰੀਕੇ ਅਪਣਾਏ ਜਾ ਸਕਦੇ ਹਨ। ਇਹਨਾਂ 'ਚੋਂ ਪਹਿਲਾ ਤਰੀਕਾ ਇਹ ਹੋ ਸਕਦਾ ਹੈ ਕਿ ਵੱਖ-ਵੱਖ ਦੇਸ਼ਾਂ 'ਚ ਸਥਿਤ ਭਾਰਤੀ ਰਾਜਦੂਤ ਘਰਾਂ 'ਚ ਜਾ ਕੇ ਪਰਵਾਸੀ ਆਪਣੀ ਵੋਟ ਪਾਉਣ। ਇਸ ਲਈ ਬੈਲਟ ਪੇਪਰ ਇਲੈਕਟ੍ਰੌਨਿਕ ਤਰੀਕੇ ਨਾਲ ਭੇਜੇ ਜਾ ਸਕਦੇ ਹਨ, ਜਦੋਂ ਕਿ ਦੂਜਾ ਤਰੀਕਾ ਭਾਰਤ 'ਚ ਪਹਿਲਾਂ ਤੋਂ ਲਾਗੂ ਸਰਕਾਰੀ ਕਰਮਚਾਰੀਆਂ ਵੱਲੋਂ ਕੀਤੀ ਜਾਣ ਵਾਲੀ ਵੋਟਿੰਗ ਵਿਵਸਥਾ ਵਰਗਾ ਹੋ ਸਕਦਾ ਹੈ। ਇਸ ਵਿੱਚ ਸਿਰਫ਼ ਇੱਕ ਹੀ ਸ਼ਰਤ ਹੋਵੇਗੀ ਕਿ ਜਿਸ ਨੂੰ ਵੋਟਿੰਗ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ, ਉਹ ਉਸ ਵਿਧਾਨ ਸਭਾ ਅਤੇ ਲੋਕ ਸਭਾ ਖੇਤਰ ਦਾ ਵੋਟਰ ਹੋਵੇ।

### ਕੀ ਪ੍ਰਾਕਸੀ ਵਿਵਸਥਾ ਲਾਗੂ ਕਰਨੀ ਸੰਭਵ ਹੈ?

ਪ੍ਰਾਕਸੀ ਵੋਟਿੰਗ ਦਾ ਪ੍ਰਬੰਧ ਕਰਨਾ ਅਸਲੋਂ ਮਹਿੰਗਾ ਕੰਮ ਹੈ। ਦੁਨੀਆ ਦੇ ਵੱਖੋ-ਵੱਖਰੇ ਦੇਸ਼ਾਂ 'ਚ ਭਾਰਤੀ ਪਰਵਾਸੀ ਰਹਿੰਦੇ ਹਨ। ਇਥੋਂ ਦੇ ਦੇਸ਼ਾਂ 'ਚ ਬਣੀਆਂ ਅੰਬੈਸੀਆਂ ਅਤੇ ਹਾਈ ਕਮਿਸ਼ਨਾਂ ਵੱਲੋਂ ਉਦੋਂ ਤੱਕ ਪ੍ਰਾਕਸੀ ਵੋਟਿੰਗ ਦਾ ਪ੍ਰਬੰਧ ਕਰਨਾ ਔਖਾ ਹੈ, ਜਦੋਂ ਤੱਕ ਇਥੇ ਲੋੜੀਂਦੇ ਮੁਲਾਜ਼ਮਾਂ ਦਾ ਪ੍ਰਬੰਧ ਨਹੀਂ ਹੁੰਦਾ, ਜਿਨ੍ਹਾਂ ਦੀ ਕਮੀ ਲੱਗਭੱਗ ਹਰ ਮੁਲਕ ਦੀਆਂ ਅੰਬੈਸੀਆਂ ਵਿੱਚ ਹੈ।

ਭਾਰਤ 'ਚ ਸਮੇਂ-ਸਮੇਂ ਹੁੰਦੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਕਾਰਨ ਇਹਨਾਂ ਅੰਬੈਸੀਆਂ ਦੇ ਮੁਲਾਜ਼ਮਾਂ ਉੱਤੇ ਕੰਮ ਦਾ ਬੋਝ ਵਧੇਗਾ। ਸੰਭਵਤਾ ਪ੍ਰਬੰਧਾਂ ਦੇ ਬਾਵਜੂਦ ਆਮ ਪਰਵਾਸੀ ਭਾਰਤੀ ਕੀ ਆਪਣੀ ਵੋਟ ਦੀ ਬਿਨਾਂ ਕਿਸੇ ਦਬਾਅ ਦੇ ਵਰਤੋਂ ਕਰ ਸਕੇਗਾ? ਕੀ ਉਹਨਾਂ ਦੇ ਕੰਮ-ਦਾਤਿਆਂ ਦਾ ਉਹਨਾਂ 'ਤੇ ਪ੍ਰਭਾਵ ਨਹੀਂ ਹੋਵੇਗਾ? ਕੀ ਸਹੁਰੇ ਘਰ ਰਹਿੰਦੀ ਮੁਟਿਆਰ ਆਪਣੇ ਵੱਖਰੀ ਸੋਚ ਦੇ ਉਲਟ ਸਹੁਰਾ ਪਰਵਾਰ ਜਾਂ ਪਤੀ ਦੇ ਪ੍ਰਭਾਵ 'ਚ ਪ੍ਰਾਕਸੀ ਵੋਟ ਪਾਉਣ ਲਈ ਮਜਬੂਰ ਤਾਂ ਨਹੀਂ ਹੋ ਜਾਏਗੀ?

### ਕਿਵੇਂ ਫੁਰਿਆ ਫੁਰਨਾ?

2014 ਦੀਆਂ ਚੋਣਾਂ ਵੇਲੇ ਤੋਂ ਹੀ ਪਰਵਾਸੀ ਭਾਰਤੀਆਂ ਲਈ ਪ੍ਰਾਕਸੀ ਵੋਟਿੰਗ ਦੀ ਮੰਗ ਜ਼ੋਰ ਫੜ ਰਹੀ ਸੀ। ਨਰਿੰਦਰ ਮੋਦੀ ਦੇ ਹਿੰਦੂਤੱਵੀ ਏਜੰਡੇ ਨੇ ਇਸ ਮੰਗ ਨੂੰ ਹੋਰ ਹਵਾ ਦਿੱਤੀ। ਅਮਰੀਕਾ ਅਤੇ ਹੋਰ ਦੇਸ਼ਾਂ ਦੇ ਦੌਰਿਆਂ ਦੌਰਾਨ, ਜਿੱਥੇ ਹਿੰਦੂ ਮਤ ਨਾਲ ਸੰਬੰਧਤ ਲੋਕਾਂ ਦੀ ਵੱਡੀ ਗਿਣਤੀ ਹੈ, ਮੋਦੀ ਦਾ ਆਧਾਰ ਪਿਛਲੇ ਸਮੇਂ 'ਚ ਵਧਿਆ ਹੈ, ਕਿਉਂਕਿ ਉਹ ਲੋਕ ਜਾਂ ਸੰਸਥਾਵਾਂ ਹਿੰਦੋਸਤਾਨ ਵਿੱਚ ਮੋਦੀ ਵਰਗੇ ਹਿੰਦੂ ਚਿਹਰੇ ਨੂੰ ਹੀ ਅੱਗੇ ਰੱਖਣਾ ਚਾਹੁੰਦੇ ਹਨ, ਜਿਸ ਦੀ ਭਰਪੂਰ ਮਦਦ ਅਤੇ ਆਰਥਿਕ ਸਹਿਯੋਗ ਉਹਨਾਂ 2014 ਦੀਆਂ ਚੋਣਾਂ ਸਮੇਂ ਕੀਤਾ ਸੀ। ਇਸ ਤੋਂ ਅੱਗੇ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ, ਭਾਰਤ ਦਾ ਭਗਵਾਂਕਰਨ ਦਾ ਮੁੱਦਾ ਉੱਤਰੀ ਅਮਰੀਕਾ ਵਿੱਚ ਖ਼ਾਸ ਤੌਰ 'ਤੇ ਚਰਚਾ 'ਚ ਹੈ ਅਤੇ ਆਰ ਐੱਸ ਐੱਸ ਵੱਲੋਂ ਉਧਰਲੇ ਮੁਲਕਾਂ 'ਚ ਆਪਣੀਆਂ ਬਰਾਂਚਾਂ ਖੋਲ੍ਹ ਕੇ ਇਸ ਨੂੰ ਖੁੱਲ੍ਹ-ਦਿਲੀ ਨਾਲ ਪ੍ਰਚਾਰਿਆ ਜਾ ਰਿਹਾ ਹੈ।

ਇਹੋ ਕਾਰਨ ਹੈ ਕਿ ਵਿਦੇਸ਼ ਵਸਦੇ ਇਹ ਕੱਟੜ ਹਿੰਦੂਤੱਵੀ ਸੋਚ ਵਾਲੇ ਲੋਕ ਦੇਸ਼ 'ਚ ਹੁੰਦੀਆਂ ਚੋਣਾਂ 'ਚ ਮਨਮਰਜ਼ੀ ਦੀ ਸਿਆਸੀ ਪਾਰਟੀ ਨੂੰ ਧਨ ਵੀ ਭੇਜਦੇ ਹਨ, ਆਪਣੇ ਰਿਸ਼ਤੇਦਾਰਾਂ-ਮਿੱਤਰਾਂ ਦੀਆਂ ਵੋਟਾਂ ਪਾਉਣ ਲਈ ਲਗਾਤਾਰ ਸੰਪਰਕ ਕਰਦੇ ਹਨ। ਸਾਲ 2014 ਦੀਆਂ ਲੋਕ ਸਭਾ ਚੋਣਾਂ 'ਚ ਤਾਂ ਖੁੱਲ੍ਹੇਆਮ ਇਹਨਾਂ ਲੋਕਾਂ ਨੇ ਮੋਦੀ ਦੇ ਸਮੱਰਥਨ ਵਿੱਚ ਇੱਕ ਲਹਿਰ ਖੜੀ ਕਰਨ ਲਈ ਪੂਰਾ ਟਿੱਲ ਲਾਇਆ ਸੀ। ਇਹਨਾਂ ਗਰੁੱਪਾਂ ਨੇ ਹੀ ਗੁਜਰਾਤ ਦੇ ਫ਼ਿਰਕੂ ਦੰਗਿਆਂ ਤੋਂ ਬਾਅਦ ਜਦੋਂ ਮੋਦੀ ਦਾ ਨਾਮ ਇਨ੍ਹਾਂ ਵਿੱਚ ਬੋਲਿਆ ਤਾਂ ਮੋਦੀ ਦਾ ਵਿਗੜਿਆ ਅਕਸ ਸੁਧਾਰਨ ਅਤੇ ਉਸ ਦੇ ਅਮਰੀਕਾ 'ਚ ਦਾਖ਼ਲੇ ਨੂੰ ਉਥੋਂ ਦੀ ਸਰਕਾਰ ਵੱਲੋਂ ਰੋਕੇ ਜਾਣ ਸਮੇਂ ਉਸ ਦੇ ਹੱਕ 'ਚ ਅਮਰੀਕੀ ਪ੍ਰਸ਼ਾਸਨ ਨੂੰ ਪ੍ਰਭਾਵਤ ਕਰਨ ਦਾ ਯਤਨ ਕੀਤਾ ਸੀ।

ਪਰਵਾਸੀ ਭਾਰਤੀਆਂ ਦਾ ਭਾਰਤ ਵਿੱਚ ਸਮਾਜਿਕ ਰੁਤਬਾ ਵੱਡਾ ਹੈ, ਇਸ ਕਰ ਕੇ ਵੀ ਕਿ ਉਹਨਾਂ ਕੋਲ ਵਧੇਰੇ ਧਨ ਹੈ, ਇਸ ਕਰ ਕੇ ਵੀ ਕਿ ਉਹਨਾਂ ਕੋਲ ਆਮ ਭਾਰਤੀਆਂ ਨਾਲੋਂ ਵਧੇਰੇ ਗਿਆਨ ਹੈ। ਇਸੇ ਕਰ ਕੇ ਉਹ ਆਪਣੇ ਰਿਸ਼ਤੇਦਾਰਾਂ ਨੂੰ ਵੋਟਾਂ ਵੇਲੇ ਪ੍ਰਭਾਵਤ ਕਰਦੇ ਹਨ ਅਤੇ ਇਸ ਕੰਮ ਲਈ ਉਹ ਆਪਣੇ ਸੁਫ਼ਨੇ ਕਿ ਹਿੰਦੋਸਤਾਨ ਹਿੰਦੂ ਰਾਸ਼ਟਰ ਬਣੇ, ਨੂੰ ਪੂਰਾ ਕਰਨਾ ਲੋਚਦੇ ਹਨ।

ਅਸਲ ਵਿੱਚ ਪਰਵਾਸੀ ਭਾਰਤੀਆਂ ਨੂੰ ਦਿੱਤਾ ਜਾਣ ਵਾਲਾ ਪ੍ਰਾਕਸੀ ਵੋਟ ਦਾ ਅਧਿਕਾਰ ਭਾਜਪਾ ਦੇ ਵੋਟ-ਖਾਤੇ ਨੂੰ ਵੱਡਾ ਕਰੇਗਾ, ਪਰ ਜਿਸ ਢੰਗ ਨਾਲ ਦੇਸ਼ 'ਚ ਹਿੰਦੂਤੱਵ ਦਾ ਏਜੰਡਾ ਪਰੋਸਿਆ ਅਤੇ ਫੈਲਾਇਆ ਜਾ ਰਿਹਾ ਹੈ, ਉਸ ਬਾਰੇ ਭਾਰਤੀ ਪਾਰਲੀਮੈਂਟ ਨੂੰ ਇਹ ਗੱਲ ਗੰਭੀਰਤਾ ਨਾਲ ਵਿਚਾਰ ਕਰਨੀ ਹੋਵੇਗੀ ਕਿ ਪਰਵਾਸੀ ਭਾਰਤੀਆਂ ਨੂੰ ਦੇਸ਼ ਦੇ ਚੋਣ ਤੰਤਰ ਨਾਲ ਇਲੈਕਟਰੌਨੀਕਲੀ ਜੋੜਨਾ ਕੀ ਭਾਰਤ ਦੇ ਅੰਦਰੂਨੀ ਮਾਮਲਿਆਂ ਅਤੇ ਸਿਆਸਤ 'ਚ ਦਖ਼ਲ ਤਾਂ ਨਹੀਂ ਹੋਵੇਗਾ? ਇਸ ਗੱਲ 'ਚ ਸੰਦੇਹ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਕਿ ਪ੍ਰਾਕਸੀ ਵੋਟਿੰਗ ਮੋਦੀ ਰਾਜ ਦੀ ਮੁੜ ਸਥਾਪਤੀ 'ਚ ਸਹਾਇਤਾ ਅਤੇ ਆਰ ਐੱਸ ਐੱਸ ਦੇ ਹਿੰਦੂਤੱਵੀ ਏਜੰਡੇ ਨੂੰ ਦੇਸ਼ 'ਚ ਉਤਸ਼ਾਹਤ ਕਰਨ ਦਾ ਕੰਮ ਕਰੇਗੀ।

ਕੀ ਇਹ ਪ੍ਰਾਕਸੀ ਵੋਟਿੰਗ ਦੇਸ਼ ਦੇ ਲੋਕਤੰਤਰ ਅਤੇ ਸ਼ਾਂਤੀ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰਨ ਦਾ ਕਾਰਨ ਤਾਂ ਨਹੀਂ ਬਣ ਜਾਏਗੀ, ਜਿਸ ਦਾ ਖ਼ਦਸ਼ਾ ਕੁਝ ਧਿਰਾਂ ਵੱਲੋਂ ਲਗਾਤਾਰ ਪ੍ਰਗਟਾਇਆ ਜਾ ਰਿਹਾ ਹੈ?

# ਪੁਲਿਸ ਨੂੰ ਲੈ ਕੇ ਲੋਕ ਕਾਫੀ ਕੁਝ ਕਹਿੰਦੇ ਹਨ

## ਆਓ ਉਹਨਾਂ ਦੀ ਰੂਟੀਨ ਬਾਰੇ ਕੁਝ ਜਾਣਦੇ ਹਾਂ

ਇਕ ਪੁਲਿਸ ਵਾਲਾ ਹਰ ਰੋਜ਼ ਘੱਟ ਤੋਂ ਘੱਟ 12 ਘੰਟੇ ਦੀ ਡਿਊਟੀ ਕਰਦਾ ਹੈ। ਉਹਨਾਂ ਦੇ ਲਈ ਨਾ ਕੋਈ ਐਤਵਾਰ ਹੈ ਅਤੇ ਨਾ ਹੀ ਕੋਈ ਛੁੱਟੀ। ਜਿਸ ਦਿਨ ਰਾਸ਼ਟਰੀ ਛੁੱਟੀ ਹੁੰਦੀ ਹੈ, ਉਸ ਦਿਨ ਉਹ ਸਵੇਰੇ 4 ਵਜੇ ਜਾਗ ਕੇ ਆਪਣੀ ਵਰਦੀ ਦਰੁੱਸਤ ਕਰਦਾ ਹੈ, ਜੁੱਤੀ ਬੈਲਟ ਚਮਕਾਉਂਦਾ ਹੈ ਅਤੇ ਜਨਤਾ ਦੇ ਸਾਹਮਣੇ ਆਦਰਸ਼ ਬਣਨ ਦੀ ਕੋਸ਼ਿਸ਼ ਕਰਦਾ ਹੈ।

ਕਿਸੇ ਵੀ ਸਰਕਾਰੀ ਵਿਭਾਗ ਵਿਚ ਛੁੱਟੀਆਂ
ਐਤਵਾਰ- 52
ਦੂਜਾ ਸਨਿਚਰਵਾ- 12
ਸਰਕਾਰੀ ਛੁੱਟੀਆਂ: 36
ਕੁੱਲ ਮਿਲਾ ਕੇ ਇਕ ਸਾਲ ਵਿਚ 100 ਛੁੱਟੀਆਂ

ਇਕ ਪੁਲਿਸ ਵਾਲਾ ਸਰਕਾਰੀ ਕਰਮਚਾਰੀ ਹੁੰਦਾ ਹੈ, ਉਸਦੀ ਤਨਖਾਹ ਵੀ ਸਰਕਾਰੀ ਕਰਮਚਾਰੀ ਜਿੰਨੀ ਹੁੰਦੀ ਹੈ ਪਰ ਇਹਨਾਂ 100 ਦਿਨਾਂ ਵਿਚੋਂ ਇਕ ਵੀ ਦਿਨ ਕਿਸੇ ਸਿਪਾਹੀ ਨੂੰ ਨਹੀਂ ਮਿਲਦਾ। ਵੱਖ ਵੱਖ ਕਿਰਤ ਐਕਟ ਅਤੇ ਉਦਯੋਗ ਐਕਟ 1948 ਦੇ ਮੁਤਾਬਕ ਕਿਸੇ ਵੀ ਵਿਅਕਤੀ ਤੋਂ ਪੂਰੇ ਹਫਤੇ ਵਿਚ 48 ਘੰਟੇ, ਦਿਨ ਵਿਚ ਜ਼ਿਆਦਾਤਰ 9 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰਵਾਇਆ ਜਾ ਸਕਦਾ। ਪਰ ਇਕ ਪੁਲਿਸ ਵਾਲਾ ਹਰ ਰੋਜ਼ ਘੱਟ ਤੋਂ ਘੱਟ 12 ਘੰਟੇ ਦੀ ਡਿਊਟੀ ਕਰਦਾ ਹੈ, ਹਫਤੇ ਵਿਚ 84 ਘੰਟੇ। ਉਹਨਾਂ ਦੀ ਹਾਲਤ ਦਿਹਾੜੀ ਮਜ਼ਦੂਰਾਂ ਤੋਂ ਵੀ ਮਾੜੀ ਹੈ। ਉਪਰੋਂ ਜੇਕਰ ਕੋਇ. ਦੰਗਾ ਫਸਾਦ ਹੋ ਜਾਵੇ ਜਾਂ ਕੋਇ. ਵੀ. ਆਈ. ਪੀ. ਮੂਵਮੈਂਟ ਹੋਵੇ ਤਾਂ ਡਿਊਟੀ ਕਦੋਂ ਖਤਮ ਹੋਵੇਗੀ, ਕੋਈ ਪਤਾ ਨਹੀਂ। ਦੂਜੇ ਪਾਸੇ ਇਹਨਾਂ ਦੇ ਵੀ ਬੱਚੇ ਹਨ, ਮਾਂ ਹੈ, ਪਤਨੀ, ਪਰਿਵਾਰ ਹੈ, ਹੁਣ ਜ਼ਰਾ ਸੋਚੋ ਕਿ ਇਕ ਸਿਪਾਹੀ ਨੂੰ ਆਪਣੇ ਬੱਚਿਆਂ ਦੀ ਫੀਸ ਭਰਨੀ ਹੈ, ਉਸਦੀ ਦਿਨ ਦੀ ਡਿਊਟੀ ਹੈ, ਉਹ ਕਦੋਂ ਭਰੇਗਾ। ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਡਾਕਟਰ ਨੂੰ ਦਿਖਾਉਣਾ ਹੈ, ਉਹ ਕਦੋਂ ਅਤੇ ਕਿਵੇਂ ਦਿਖਾਵੇਗਾ? ਪੂਰੀ ਜ਼ਿੰਦਗੀ ਵਿਚ ਉਹ ਕੋਈ ਵੀ ਤਿਉਹਾਰ ਘਰੇ ਨਹੀਂ ਮਨਾ ਪਾਉਂਦਾ, ਕਿਉਂਕਿ ਜੇਕਰ ਇਹ ਸੜਕ 'ਤੇ ਨਾ ਖੜ੍ਹਾ ਹੋਵੇ ਤਾਂ ਕੋਈ ਵੀ ਤਿਉਹਾਰ ਬਿਨਾਂ ਫਸਾਦ ਦੇ ਪੂਰਾ ਨਹੀਂ ਹੋਵੇਗਾ।

ਇਹਨਾਂ ਦੀ ਪੂਰੀ ਜ਼ਿੰਦਗੀ ਨਿਕਲ ਜਾਂਦੀ ਹੈ ਇਹ ਖੁਹਾਇਸ਼ ਲੈ ਕੇ ਕਿ ਕਦੀ ਆਪਣੇ ਬੱਚਿਆਂ ਦੀ ਪੇਰੈਂਟਸ ਮੀਟਿੰਗ ਵਿਚ ਜਾ ਸਕਣ, ਕਦੀ ਆਪਣੇ ਪਰਿਵਾਰ ਦੇ ਨਾਲ ਬੈਠ ਕੇ ਦੋ ਗੱਲਾਂ ਕਰ ਸਕੀਏ। ਉਸ 'ਤੇ ਇਹਨਾਂ ਦੇ ਘਰਾਂ ਵਿਚ ਜਾ ਕੇ ਦੇਖੋ, ਪੂਰੀ ਫੋਰਸ ਵਿਚ 24 ਫੀਸਦੀ ਤੋਂ ਵੀ ਘੱਟ ਨੂੰ ਸਰਕਾਰੀ ਕੁਆਰਟਰ ਮਿਲਿਆ ਹੋਇਆ ਹੈ ਅਤੇ ਇਹ ਰਿਹਾਇਸ਼ ਸਿਰਫ ਇਕ ਕਮਰੇ ਦੀ ਹੁੰਦੀ ਹੈ, ਇਕ ਵਾਰ ਸੋਚ ਕੇ ਦੇਖੋ, ਕਿਵੇਂ ਰਹਿੰਦੇ ਹੋਣਗੇ ਇਹ ਆਪਣੇ ਮਾਤਾ-ਪਿਤਾ, ਬੱਚਿਆਂ ਦੇ ਨਾਲ। ਜਦਕਿ ਉਹਨਾਂ ਘਰਾਂ ਦੀ ਹਾਲਤ ਇੰਨੀ ਖਰਾਬ ਹੈ ਕਿ ਕੋਈ ਪਤਾ ਨਹੀਂ ਕਦੋਂ ਛੱਤ ਡਿੱਗ ਜਾਵੇ, ਨਾ ਸਾਫ ਪਾਣੀ ਦੀ ਵਿਵਸਥਾ, ਨਾ ਬਾਥਰੂਮ ਦੀ ਅਤੇ ਜੋ ਬੈਰਕ ਵਿਚ ਰਹਿੰਦੇ ਹਨ, ਉਹਨਾਂ ਦੀ ਸਥਿਤੀ ਤਾਂ ਹੋਰ ਵੀ ਜ਼ਿਆਦਾ ਖਰਾਬ ਹੈ। ਪੁਲਿਸ ਲਾਈਨ ਵਿਚ ਸਵੇਰੇ 4 ਵਜੇ ਤੋਂ ਲੈਟਰਿਨ ਦੇ ਬਾਹਰ ਲਾਈਨ ਲੱਗਦੀ ਹੈ ਕਿ ਸਮੇਂ ਸਿਰ ਫਾਰਗ ਹੋ ਜਾਈਏ ਤਾਂ ਸ਼ੇਵਿੰਗ ਕਰਨੀ ਹੈ, ਲਾਈਨ ਵਿਚ ਲੱਗ ਕੇ ਨਹਾਉਣਾ ਵੀ ਹੈ ਅਤੇ ਫਿਰ ਲਾਈਨ ਵਿਚ ਲੱਗ ਕੇ ਮੈਸ ਵਿਚ ਖਾਣਾ ਵੀ ਖਾਣਾ ਹੈ ਕਿਉਂਕਿ ਡਿਊਟੀ ਸਵੇਰ 8 ਵਜੇ ਆਰੰਭ ਹੋ ਜਾਵੇਗੀ, ਉਥੇ ਜੇਕਰ 5 ਮਿੰਟ ਵੀ ਲੇਟ ਹੋ ਗਏ ਤਾਂ ਗੈਰ ਹਾਜ਼ਰੀ ਲਿਖ ਦਿੱਤੀ ਜਾਂਦੀ ਹੈ। ਇੰਨੀ ਭੱਜ ਦੌੜ ਤੋਂ ਬਾਅਦ ਪੂਰੇ ਦਿਨ ਜਨਤਾ ਦੀ ਅਣਦੇਖੀ, ਅਧਿਕਾਰੀਆਂ ਅਤੇ ਤਾਕਤ ਵਾਲ ਲੋਕਾਂ ਦੀ ਡਾਂਟ, ਗੱਲ ਗੱਲ 'ਤੇ ਵਰਦੀ ਉਤਰਵਾਉਣ ਦੀ ਧਮਕੀ ਦੇ ਤਣਾਅ ਤੋਂ ਬਾਅਦ ਜਦੋਂ ਰਾਤ ਨੂੰ 9 ਵਜੇ ਪੁਲਿਸ ਕਰਮਚਾਰੀ ਬੈਰਕ ਵਿਚ ਪਹੁੰਚਦਾ ਹੈ ਤਾਂ ਉਸਦੇ ਦਿਮਾਗ ਵਿਚ ਸਿਰਫ ਇਕ ਹੀ ਗੱਲ ਹੁੰਦੀ ਹੈ ਕਿ ਸਵੇਰੇ ਚਾਰ ਵਜੇ ਫਿਰ ਤੋਂ ਜਾਗਣਾ ਹੈ ਅਤੇ ਟਾਇਲਟ ਲਈ ਲਾਈਨ ਵਿਚ ਲੱਗਣਾ ਹੈ।

ਹੁਣ ਸੋਚੋ ਕਿ ਇਹਨਾਂ ਹਾਲਾਤਾਂ ਵਿਚ ਰਹਿਣ ਵਾਲਾ ਵਿਅਕਤੀ ਕਿਵੇਂ ਕਿਸੇ ਨਾਲ ਮੁਸਕਰਾ ਕੇ ਗੱਲ ਕਰ ਸਕਦਾ ਹੈ।

**- ਰਾਕੇਸ਼ ਗੁਪਤਾ**

# ਵਿਦਿਆਰਥੀਆਂ ਦੇ ਲਈ ਟਿਊਸ਼ਨ ਰੱਖਣਾ ਕਿੰਨਾ ਕੁ ਜ਼ਰੂਰੀ



ਚਮਨਦੀਪ ਸ਼ਰਮਾ
91-94633 77709

ਪ੍ਰਾਚੀਨ ਸਿੱਖਿਆ ਦੇ ਇਤਿਹਾਸ ਨੂੰ ਫਰੋਲਣ ਉਪਰੰਤ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੂੰ ਗਿਆਨ ਦੀ ਪ੍ਰਾਪਤੀ ਦੇ ਲਈ ਗੁਰੂਕੁਲ, ਆਸ਼ਰਮ, ਮਦਰੱਸੇ ਆਦਿ ਵਿੱਚ ਜਾਣਾ ਪੈਂਦਾ ਸੀ। ਉੱਥੇ ਉਹਨਾਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਨਿਪੁੰਨ ਕੀਤਾ ਜਾਂਦਾ ਸੀ। ਇਸਤਰੀ ਸਿੱਖਿਆ ਦੇ ਪ੍ਰਤਿ ਸਮਾਜ ਦਾ ਦ੍ਰਿਸ਼ਟੀਕੋਣ ਨਾਕਾਰਾਤਮਕ ਹੀ ਸੀ। ਉਹਨਾਂ ਨੂੰ ਘਰ ਦੇ ਕੰਮ ਕਾਰਾਂ ਤੱਕ ਹੀ ਸੀਮਿਤ ਰੱਖਿਆ ਜਾਂਦਾ ਸੀ। ਉਸ ਸਮੇਂ ਸਿੱਖਿਆ ਦਾ ਮਨੋਰਥ ਵਿਦਿਆਰਥੀਆਂ ਨੂੰ ਨੌਕਰੀ ਦਿਵਾਉਂਣਾ ਨਹੀਂ ਹੁੰਦਾ ਸੀ ਪਰ ਅੱਜ ਦੇ 21 ਵੀਂ ਸਦੀ ਦੇ ਯੁੱਗ ਦੀ ਜੇਕਰ ਗੱਲ ਕੀਤੀ ਜਾਵੇਂ ਤਾਂ ਹਾਲਾਤ ਬਿਲਕੁਲ ਬਦਲ ਚੁੱਕੇ ਹਨ। ਵਿਦਿਆਥੀਆਂ ਵੱਲੋਂ ਸਿੱਖਿਆ ਨੂੰ ਕੇਵਲ ਸਰਵਪੱਖੀ ਵਿਕਾਸ ਕਰਨ ਤਹਿਤ ਹੀ ਨਹੀਂ ਪੜ੍ਹਿਆ ਜਾਂਦਾ ਹੈ ਬਲਕਿ ਇਸਨੂੰ ਨੌਕਰੀ ਦੀ ਪ੍ਰਾਪਤੀ ਦੇ ਅਹਿਮ ਸ੍ਰੋਤ ਵਜੋਂ ਲਿਆ ਜਾਂਦਾ ਹੈ। ਕੰਪੀਟੀਸ਼ਨ ਦੇ ਇਸ ਯੁੱਗ ਵਿੱਚ ਸਫ਼ਲਤਾ ਹਾਂਸਲ ਕਰਨ ਦੇ ਲਈ ਬੱਚਿਆਂ ਵੱਲੋਂ ਹਰ ਹੱਥਕੰਢੇ ਅਪਣਾਏ ਜਾਂਦੇ ਹਨ। ਵਿਦਿਆਰਥੀਆਂ ਦੁਆਰਾ ਔਖੇ ਸੌਖੇ ਵਿਸ਼ਿਆਂ ਦੀ ਟਿਊਸ਼ਨ ਰੱਖਣਾ ਇੱਕ ਰਿਵਾਜ਼ ਜਿਹਾ ਹੋ ਗਿਆ ਹੈ ਕਿਉਂਕਿ ਬੇਰੁਜ਼ਗਾਰੀ ਦੇਸ਼ ਅੰਦਰ ਇੱਕ ਵੱਡੀ ਸਮੱਸਿਆ ਦੇ ਵਜੋਂ ਉਭਰ ਰਹੀ ਹੈ।ਸ਼ਾਇਦ ਇਸੇ ਕਾਰਨ ਸਦਕਾ ਹੀ ਸੂਬੇ ਦੀ ਸਰਕਾਰ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ।



ਸਿੱਖਿਆ ਦਾ ਵਪਾਰੀਕਰਨ ਹੋਣ ਦੇ ਨਾਲ ਵੱਡੇ ਸ਼ਹਿਰਾਂ ਦੇ ਵਿੱਚ ਕੋਚਿੰਗ ਸੈਂਟਰਾਂ ਦੀ ਭਰਮਾਰ ਹੈ। ਕੋਚਿੰਗ ਸੈਂਟਰਾਂ ਦੇ ਵਿੱਚ ਵੀ ਆਪਸ ਵਿੱਚ ਬੜਾ ਮੁਕਾਬਲਾ ਵੇਖਣ ਨੂੰ ਮਿਲ ਰਿਹਾ ਹੈ। ਇਹਨਾਂ ਦੇ ਵਿੱਚ ਸਮਾਰ ਕਲਾਸਾਂ, ਏ ਰੂਮਜ਼, ਵਿਸ਼ਾ ਮਾਹਿਰ ਅਧਿਆਪਕਾਂ ਦੀ ਨਿਯੁਕਤੀ, ਪੜਾਉਣ ਦੀਆਂ ਸੌਖੀਆਂ ਵਿਧੀਆਂ, ਸਾਰੇ ਵਿਸ਼ਿਆਂ ਦੀ ਤਿਆਰੀ ਆਦਿ ਸਹੂਲਤਾਂ ਦੇ ਕੇ ਮੋਟੀ ਕਮਾਈ ਕੀਤੀ ਜਾ ਰਹੀ ਹੈ। ਕਈ ਸੈਂਟਰਜ਼ ਵਿੱਚ ਦਾਖਲਾ ਲੈਣ ਦੇ ਲਈ ਤਾਂ ਇੱਕ ਵਿਸ਼ੇਸ ਪ੍ਰੀਖਿਆਂ ਪ੍ਰਣਾਲੀ ਵਿੱਚੋਂ ਗੁਜ਼ਰਨਾ ਪੈਂਦਾ ਹੈ। ਕੋਚਿੰਗ ਸੈਂਟਰਜ਼ ਵਿੱਚ ਵਿਦਿਆਰਥੀਆਂ ਨੂੰ ਸਕੂਲੀ ਕਲਾਸ ਨਾਲੋਂ ਇੱਕ ਕਲਾਸ ਦੀ ਐਡਵਾਸ ਪੜ੍ਹਾਈ ਕਰਵਾਈ ਜਾਂਦੀ ਹੈ। ਜਿਸ ਕਾਰਨ ਬੱਚਿਆਂ ਦਾ ਇਹਨਾਂ ਦੇ ਪ੍ਰਤਿ ਆਕਰਸ਼ਿਤ ਹੋਣਾ ਸੁਭਾਵਿਕ ਹੀ ਹੈ। ਜੇਕਰ ਸ਼ਹਿਰੀ ਬੱਚਿਆਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਉਹਨਾਂ ਨੂੰ ਕਈ ਵਾਰ ਸ਼ਹਿਰ ਵਿੱਚ ਪੜਾਈ ਕਰਨ ਕਰਕੇ ਨੌਕਰੀ ਵਿੱਚ ਅੰਕਾਂ ਦਾ ਲਾਭ ਨਹੀਂ ਦਿੱਤਾ ਜਾਂਦਾ ਹੈ ਭਾਵ ਪੇਂਡੂ ਵਿਦਿਆਰਥੀਆਂ ਦੇ ਲਈ ਅੰਕ ਰਾਖਵੇਂ ਰੱਖ ਲਏ ਜਾਂਦੇ ਹਨ। ਇਸ ਤਰ੍ਹਾਂ ਪਿੰਡਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਸ਼ਹਿਰੀ ਬੱਚੇ ਟਿਊਸ਼ਨ ਨੂੰ ਤਰਜੀਹ ਦਿੰਦੇ ਹਨ ਤਾਂ ਜ਼ੋ ਮੈਰਿਟ ਵਿੱਚ ਆ ਸਕਣ।ਬੱਚਿਆਂ ਦੇ ਬੈਗ ਦਾ ਵਜ਼ਨ ਵੱਧ ਜਾਣ ਕਾਰਨ ਭਾਵ ਸਿਲੇਬਸ ਜਿਆਦਾ ਹੋਣਾ ਵੀ ਟਿਊਸ਼ਨ ਰੱਖਣਾ ਦੀ ਪ੍ਰਥਾ ਨੂੰ ਪ੍ਰਫੁਲਿਤ ਕਰ ਰਿਹਾ ਹੈ।

ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਮਾਪਿਆਂ ਦੇ ਕੋਲ ਸਮੇਂ ਦੀ ਘਾਟ ਹੋਣ ਸਦਕਾ ਮਜ਼ਬੂਰੀਵੱਸ ਬੱਚਿਆਂ ਨੂੰ ਟਿਊਸ਼ਨ ਉੱਪਰ ਭੇਜਿਆ ਜਾਂਦਾ ਹੈ। ਕਈ ਮਾਪੇ ਬੱਚਿਆਂ ਦੀ ਸਾਰੇ ਵਿਸ਼ਿਆਂ ਵਿੱਚ ਪੜ੍ਹਾਈ ਦੀ ਨਿਰੰਤਰਤਾ ਬਣਾਈ ਰੱਖਣ ਦੇ ਲਈ ਕੋਚਿੰਗ ਕੇਂਦਰਾਂ ਦਾ ਸਹਾਰਾ ਲੈਂਦੇ ਹਨ। ਕੁੱਝ ਕੁ ਸਕੂਲਾਂ ਵਿੱਚ ਕਰਵਾਈ ਜਾਂਦੀ ਪੜ੍ਹਾਈ ਤੋਂ ਸੰਤੁਸਟ ਨਹੀਂ ਹਨ ਕਿਉਂ ਜ਼ੋ ਉਹਨਾਂ ਦੀ ਸੋਚ ਹੈ ਕਿ ਸਕੂਲ ਵਿੱਚ ਅਧਿਆਪਕਾਂ ਨੂੰ ਘੱਟ ਤਨਖਾਹ ਦੇਣ ਕਰਕੇ ਉਹ ਬੱਚਿਆਂ ਨਾਲ ਸਹੀ ਇਨਸਾਫ ਨਹੀਂ ਕਰਦੇ ਹਨ। ਸਕੂਲਾਂ ਅੰਦਰ ਮਾਹਿਰ ਅਧਿਆਪਕਾਂ ਦੀ ਕਮੀ, ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮ ਲਿਆ ਜਾਣਾ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵਿੱਚ ਸਹੀ ਅਨੁਪਾਤ ਦਾ ਨਾ ਹੋਣਾ ਆਦਿ ਕਈ ਸਮੱਸਿਆਵਾਂ ਹਨ। ਸਰਵਿਸ ਕੰਪੀਟੀਸ਼ਨਾਂ ਦੀ ਤਿਆਰੀ, ਵਿਦੇਸ਼ ਜਾਣ ਦੇ ਲਈ ਆਈਲੈੱਟਸ ਦੀ ਤਿਆਰੀ ਕਰਨਾ ਵੀ ਟਿਊਸ਼ਨ ਤੇ ਜਾਣ ਦੇ ਪ੍ਰਮੁੱਖ ਕਾਰਨ ਹਨ।

ਬੱਚਿਆਂ ਦੇ ਭਵਿੱਖ ਨੂੰ ਉਜ਼ਵਲ ਬਣਾਉਣ ਲਈ ਟਿਊਸ਼ਨ ਭੇਜਣ ਵਿੱਚ ਕੋਈ ਬੁਰਾਈ ਨਹੀਂ ਹੈ। ਪਰ ਇੱਥੇ ਮਾਤਾ ਪਿਤਾ ਦੇ ਲਈ ਇਹ ਵੀ ਸੋਚਣਾ ਬਣਦਾ ਹੈ ਕਿ ਉਹ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਉਹਨਾਂ ਦੀ ਸਿਹਤ ਦੇ ਵਿਕਾਸ ਦੇ ਲਈ ਵੀ ਸਾਰਥਿਕ ਕਦਮ ਚੁੱਕ ਰਹੇ ਹਨ ਜਾਂ ਨਹੀਂ। ਅਸੀਂ ਜਾਣਦੇ ਹਾਂ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਮਨ ਦਾ ਨਿਵਾਸ ਹੁੰਦਾ ਹੈ।ਇੱਥੇ ਇਹ ਵੀ ਧਿਆਨ ਦੇਣਾ ਬਣਦਾ ਹੈ ਕਿ ਕੋਚਿੰਗ ਸੈਂਟਰਾਂ ਵਾਲੇ ਮੋਟੀਆਂ ਫ਼ੀਸਾਂ ਲੈ ਕੇ ਉਸਦਾ ਮੁੱਲ ਮੋੜ ਰਹੇ ਹਨ ਜਾਂ ਨਹੀਂ। ਇਹ ਵਿਚਾਰਨਯੋਗ ਹੈ ਕਿ ਖਰਚੀਲੇ ਸਕੂਲਾਂ ਦੇ ਵਿੱਚ ਬੱਚਿਆਂ ਨੂੰ ਪੜ੍ਹਾਉਂਣ ਉਪਰੰਤ ਟਿਊਸ਼ਨ ਦੀ ਲੋੜ ਕਿਉਂ ਪੈਂਦੀ ਹੈ। ਕੀ ਇਹ ਕਾਰਜ਼ ਸਕੂਲ ਨਹੀਂ ਕਰ ਸਕਦਾ ਹੈ। ਜੇਕਰ ਇਹਨਾਂ ਪਹਿਲੂਆਂ ਦੇ ਪ੍ਰਤਿ ਮਾਪੇ ਚੇਤੰਨ ਹਨ ਤਾਂ ਬੱਚਿਆਂ ਨੂੰ ਟਿਊਸ਼ਨ ਭੇਜਣ ਵਿੱਚ ਕੋਈ ਬੁਰਾਈ ਨਹੀਂ ਹੈ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 15 ਅਕਤੂਬਰ ਨੂੰ





**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਤੇ ਸਰਵ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 15 ਅਕਤੂਬਰ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਹੋਰ ਸਾਰੇ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕੀ ਗਈ, ਜਿਸ ਵਿਚ 13 ਅਕਤੂਬਰ, ਦਿਨ ਸ਼ੁੱਕਰਵਾਰ 2017 ਨੂੰ ਯੋਗ ਵਸ਼ਿਸ਼ਟ ਸਾਹਿਬ ਦਾ ਪਾਠ ਆਰੰਭ ਹੋਵੇਗਾ ਅਤੇ 14 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਵੇਰ 10 ਵਜੇ ਝੰਡਾ ਸਾਹਿਬ ਦੀ ਰਸਮ ਕੀਤੀ ਜਾਵੇਗੀ। 15 ਅਕਤੂਬਰ ਐਤਵਾਰ ਨੂੰ ਸਵੇਰੇ 10 ਵਜੇ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਤੇ ਉਪਰੰਤ ਕਥਾਵਾਚਕ ਕਥਾ ਕਰਨਗੇ। ਕਲਾਕਾਰਾਂ ਵੱਲੋਂ ਸ਼ਬਦ ਗਾਏ ਜਾਣਗੇ ਤੇ ਬੁਲਾਰਿਆਂ ਵੱਲੋਂ ਭਗਵਾਨ ਵਾਲਮੀਕ ਜੀ ਦੇ ਜੀਵਨ, ਸਿੱਖਿਆ ਬਾਰੇ ਵਿਚਾਰ ਰੱਖੇ ਜਾਣਗੇ। ਸਤਿਗੁਰੂ ਰਵਿਦਾਸ ਸਭਾਵਾ ਤੇ ਵਾਲਮੀਕ ਸਭਾਵਾਂ ਨੂੰ ਸੱਦਾ ਪੱਤਰ ਵੀ ਭੇਜੇ ਜਾਣਗੇ। ਪ੍ਰੋਗਰਾਮ ਨੂੰ ਸਾਜ਼ਗਾਰ ਤੇ ਖ਼ੂਬਸੂਰਤ ਬਣਾਉਣ ਲਈ ਸਭਾ ਵੱਲੋਂ ਅੱਜ ਤੋਂ ਹੀ ਪੂਰੇ ਜੋਰ-ਸ਼ੋਰ ਨਾਲ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਮੂਹ ਸੰਗਤਾਂ ਨੂੰ ਤਿੰਨੇ ਦਿਨ ਹੀ (13 ਅਕਤੂਬਰ ਤੋਂ 15 ਅਕਤੂਬਰ) ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਕੈਲੇਫੋਰਨੀਆ 95991 ਵਿਖੇ ਪਰਿਵਾਰਾਂ ਸਮੇਤ ਪਹੁੰਚ ਕੇ ਸਤਿਗੁਰੂ ਵਾਲਮੀਕ ਜੀ ਦੇ ਚਰਨਾਂ ਵਿਚ ਹਾਜ਼ਰੀ ਲਵਾਉਣ ਦੀ ਸਭਾ ਵੱਲੋਂ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ। ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਜੀ ਵੱਲੋਂ ਮੀਟਿੰਗ ਵਿਚ ਹਾਜ਼ਰ ਸਾਰੇ ਅਹੁਦੇਦਾਰਾਂ ਤੇ ਮੈਂਬਰਾਨ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੌਰਾਨ ਤਿੰਨੇ ਦਿਨ ਹੀ ਲੰਗਰਾਂ ਦੀ ਸੇਵਾ ਸਵੇਰ ਤੋਂ ਸ਼ਾਮ ਤੱਕ ਚੱਲੇਗਾ।

**ਰਿਪੋਰਟ ਤੇ ਤਸਵੀਰਾਂ – ਸੰਤੋਖ ਸਿੰਘ ਗਿੱਲ**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 11, 12, 13 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ, ਜਿਹਨਾਂ ਦੀ ਸੇਵਾ ਸ. ਬਖਸ਼ੀਸ਼ ਸਿੰਘ ਸੱਗੀ, ਸ. ਹਰਜਿੰਦਰ ਸਿੰਘ ਸੱਗੀ, ਬੀਬੀ ਅਬਜਿੰਦਰ ਕੌਰ ਸੱਗੀ, ਸ. ਰਣਜੀਤ ਸਿੰਘ ਸੱਗੀ, ਬੀਬੀ ਜਸਪਾਲ ਕੌਰ ਸੱਗੀ, ਸ. ਹਰਪਾਲ ਸਿੰਘ ਸੱਗੀ, ਬੀਬੀ ਪਰਵੀਨ ਕੌਰ ਸੱਗੀ ਜੀ ਨ ਆਪਣੀ ਮਾਤਾ ਬੀਬੀ ਸਤਵੰਤ ਕੌਰ ਸੱਗੀ ਜੀ ਦੀ ਦੇਹ ਅਰੋਗਤਾ, ਚੜ੍ਹਦੀਕਲਾ ਲਈ ਕਰਵਾਈ ਗਈ। ਜਿਸ ਵਿਚ ਮਿਤੀ 11 ਅਗਸਤ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕਰਵਾਏ ਗਏ, ਜਿਹਨਾਂ ਦੇ ਭੋਗ 13 ਅਗਸਤ ਦਿਨ ਸ਼ੁੱਕਰਵਾਰ ਨੂੰ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਰਦਾਸੀਏ ਸਿੰਘ, ਸਿੰਘ ਸਾਹਿਬ ਭਾਈ ਧਰਮ ਸਿੰਘ ਜੀ ਨੇ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਬਖਸ਼ੀਸ਼ ਸਿੰਘ ਸੱਗੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤ ਗਏ। ਇਸ ਤੋਂ ਇਲਾਵਾ ਸ. ਹਰਪਾਲ ਸਿੰਘ ਸੱਗੀ, ਬੀਬੀ ਪਰਵੀਨ ਕੌਰ ਸੱਗੀ ਜੀ ਨੂੰ ਅਮਰੀਕਾ ਆਓਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਭਾਈ ਧਰਮ ਸਿੰਘ ਜੀ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਗੁਰੂ ਘਰ ਦੇ ਨਵੇਂ ਬਣੇ ਸ੍ਰੀ ਸੱਚਖੰਡ ਵਿਚ 20 ਅਗਸਤ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 22 ਅਗਸਤ ਨੂੰ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਅਤੁੱਟ ਤਿੰਨੇ ਦਿਨ ਵਰਤਾਏ ਜਾਣਗੇ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

TANDOOR
Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਭਾਰਤ ਦੀ ਆਜ਼ਾਦੀ ਦੇ 70 ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਵਿਸ਼ਾਲ ਆਜ਼ਾਦੀ ਦਿਵਸ ਪਰੇਡ ਕੱਢੀ






























**ਫਰੀਮਾਂਟ (ਡੀ. ਡੀ. ਬੀ.)–** ਆਜ਼ਾਦ ਭਾਰਤ ਦੀ ਆਜ਼ਾਦੀ ਦੇ 70 ਸਾਲ ਪੂਰੇ ਹੋਣ ਦੇ ਜਸ਼ਨ 'ਚ ਕੈਲੇਫੋਰਨੀਆ ਦੇ ਬੇ-ਏਰੀਆ 'ਚ ਵਿਸ਼ਾਲ ਆਜ਼ਾਦੀ ਦਿਵਸ ਪਰੇਡ ਕੱਢੀ ਗਈ, ਜਿਸਨੂੰ ਭਾਰਤੀ ਕਾਂਸਲੇਟ ਆਫਿਸ ਸਾਨਫਰਾਂਸਿਸਕੋ ਦੇ ਅੰਬੈਸਡਰ ਸ੍ਰੀ ਵੈਂਕਟਸਨ ਅਸ਼ੋਕ ਆਦਿ ਅਨੇਕਾਂ ਸ਼ਖਸੀਅਤਾਂ ਨੇ ਹਿੱਸਾ ਲਿਆ ਤੇ ਸੰਬੋਧਨ ਕੀਤਾ ਅਤੇ ਭਾਰਤ ਦੇ ਆਜ਼ਾਦੀ ਦਿਵਸ ਦੀਆਂ ਇਕ ਦੂਜੇ ਨੂੰ ਮੁਬਾਰਕਾਂ ਦਿੱਤੀਆਂ।

ਇਸ ਪਰੇਡ ਦੌਰਾਨ ਭਾਰਤ ਦੇ ਕੁਝ ਸੂਬਿਆਂ ਨਾਲ ਸਬੰਧਤ ਝਾਕੀਆਂ ਵੀ ਕੱਢੀਆਂ ਗਈਆਂ, ਜਿਹਨਾਂ ਵਿਚ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ, ਉਤਰ ਪ੍ਰਦੇਸ਼, ਤਾਮਿਲਨਾਡੂ, ਮਹਾਰਾਸ਼ਟਰ, ਰਾਜਾ ਯੋਗਾ ਮੈਡੀਟੇਸ਼ਨ ਬ੍ਰਹਮਾ ਕੁਮਾਰੀਜ਼, ਫੋਗ ਆਦਿ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਡਾ. ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ, ਅੰਬੇਡਕਰ ਇੰਟਰਨੈਸ਼ਨਲ ਸੈਂਟਰ ਅਤੇ ਆਨਾ ਸੰਸਥਾਵਾਂ ਨੇ ਰਲ ਕੇ ਬਹੁਤ ਹੀ ਸੁੰਦਰ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਇਕ ਵਿਸ਼ਾਲ ਕੱਦ ਪੋਰਟਰੇਟ ਵਾਲਾ ਫਲੋਟ ਕੱਢਿਆ ਗਿਆ। ਇਸ ਉਪਰ ਬਾਬਾ ਸਾਹਿਬ ਅੰਬੇਡਕਰ ਜੀ ਦੇ ਨਾਲ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਵੀ ਪੋਰਟਰੇਟ ਲਗਾਏ ਗਏ ਅਤੇ ਬਾਬਾ ਸਾਹਿਬ ਦੇ ਅਨਮੋਲ ਵਿਚਾਰਾਂ ਵਾਲੇ ਬੈਨਰ ਵੀ ਲਗਾਏ ਗਏ। ਇਸ ਫਲੋਟ ਨੂੰ ਤਿਆਰ ਕਰਨ ਅਤੇ ਅਗਵਾਈ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਕਮੇਟੀ ਤੇ ਕਮਿਊਨਿਟੀ ਮੈਂਬਰ ਸਾਹਿਬਾਨ ਨੇ ਸ੍ਰੀ ਵਿਨੋਦ ਕੁਮਾਰ ਚੁੰਬਰ ਦੀ ਟੀਮ ਦਾ ਵਡਮੁੱਲਾ ਯੋਗਦਾਨ ਦੱਸਿਆ ਗਿਆ।

ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਸਮੂਹ ਕਮੇਟੀ ਤੇ ਸਹਿਯੋਗੀ ਸੰਸਥਾਵਾਂ ਤੇ ਕਮਿਊਨਿਟੀ ਮੈਂਬਰਾਂ ਨੂੰ ਇਸ ਗੱਲ ਦਾ ਮਾਣ ਦਿੱਤਾ, ਜਿਹਨਾਂ ਨੇ ਬਾਬਾ ਸਾਹਿਬ ਦੇ ਫਲੋਟ ਤਿਆਰ ਕਰਨ 'ਚ ਭਰਪੂਰ ਸਹਿਯੋਗ ਦਿੱਤਾ। ਬਾਬਾ ਸਾਹਿਬ ਦੇ ਫਲੋਟ ਨਾਲ ਅਲੱਗ ਅਲੱਗ ਸ਼ਹਿਰਾਂ ਤੋਂ ਕਮਿਊਨਿਟੀ ਲੀਡਰ ਤੇ ਮੈਂਬਰਾਂ ਨੇ ਸ਼ਾਮਲ ਹੋ ਕੇ ਪ੍ਰਸੰਨਤਾ ਜ਼ਾਹਿਰ ਕੀਤੀ।

ਇਸ ਪਰੇਡ ਦੀ ਅਲੱਗ-ਅਲੱਗ ਮੀਡੀਆ ਨੇ ਕਵਰੇਜ਼ ਕੀਤੀ, ਜਿਸ ਵਿਚ ਅਦਾਰਾ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਵੀ ਸ਼ਾਮਲ ਸੀ। ਇਸ ਪਰੇਡ ਦੌਰਾਨ ਚਾਹ-ਪਾਣੀ, ਸੋਡਾ ਤੇ ਖਾਣੇ ਦਾ ਫਰੀ ਪ੍ਰਬੰਧ ਵੀ ਕੀਤਾ ਗਿਆ।

*********

**(ਹੋਰ ਤਸਵੀਰਾਂ ਦੇਖੋ ਅਗਲੇ ਸਫੇ ਤੇ)**

# ਭਾਰਤ ਦੀ ਆਜ਼ਾਦੀ ਦੇ 70 ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ਵਿਸ਼ਾਲ ਆਜ਼ਾਦੀ ਦਿਵਸ ਪਰੇਡ ਕੱਢੀ











ਰਿਪੋਰਟ ਅਤੇ ਤਸਵੀਰਾਂ–
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)
























ਡਾ. ਮਨਮੋਹਨ ਸਿੰਘ


ਸ੍ਰੀਮਤੀ ਸੋਨੀਆ ਗਾਂਧੀ


ਸ੍ਰੀ ਰਾਹੁਲ ਗਾਂਧੀ


ਕੈਪਟਨ ਅਮਰਿੰਦਰ ਸਿੰਘ

## ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਭਾਰਤੀ ਮੂਲ ਦੇ ਸੱਜਣਾਂ, ਬੀਬੀਆਂ-ਭੈਣਾਂ, ਬੱਚਿਆਂ ਅਤੇ ਸਮੂਹ ਦੇਸ਼-ਵਾਸੀਆਂ ਨੂੰ ਭਾਰਤ ਦੇ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਜਾਰੀ ਕਰਤਾ

# ਪਾਲ ਸਿਹੋਤਾ

## ਚੇਅਰਮੈਨ

ਵੈਸਟ ਕੌਸਟ ਇੰਡੀਅਨ
ਓਵਰਸੀਜ਼ ਕਾਂਗਰਸ

559-269-6974

SmartWay®
Transport Partnership
Getting There With Cleaner Air

3545 E Data Avenue
Fresno CA 93735-1933



## 'ਗੁਰੂ ਗ੍ਰੰਥ ਸਾਹਿਬ' ਜੀ ਦੇ ਪ੍ਰਕਾਸ਼ ਪੁਰਬ 'ਤੇ

# 'ਸ਼ਬਦਾਂ ਦੀ ਵਿਦਵਤਾ ਹੀ 'ਸ਼ਬਦ ਗੁਰੂ' ਹੈ'



ਪ੍ਰੋ: ਐਚ.ਐਲ.ਕਪੂਰ

'ਪੰਜਾਬੀ ਸਾਹਿਤ ਦੇ ਇਤਿਹਾਸ' 'ਚ ਸਤਾਰਵੀ ਸਦੀ ਦੇ ਕਾਲ ਨੂੰ 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ 'ਸੁਨਹਿਰੀ ਯੁੱਗ' ਕਿਹਾ ਜਾਂਦਾ ਹੈ ਕਿਉਂਕਿ 1604 ਈਸਵੀ 'ਚ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ ਤੇ ਇਸ 'ਚ ਕੋਈ 36 ਮਹਾਂਪੁਰਸ਼ਾਂ ਦੀ ਕਾਵਿ ਰਚਨਾ, ਜਿਸ ਨੂੰ ਗੁਰਮਤਿ 'ਚ 'ਬਾਣੀ' ਦਾ ਨਾਮ ਦਿੱਤਾ ਗਿਆ ਹੈ ਦਰਜ ਕਰਕੇ, ਇਕ ਮਹਾਨ ਕਾਰਜ ਕੀਤਾ ਸੀ। ਇਸ 'ਚ ਕੋਈ ਛੇ ਸੌ ਸਾਲਾਂ ਦੇ ਮਹਾਂਪੁਰਸ਼ਾਂ ਦੀਆਂ ਰਚਨਾਵਾਂ ਦਰਜ ਹਨ। ਸੰਸਾਰ ਦੇ ਸਾਹਿਤ ਦੇ ਇਤਿਹਾਸ 'ਚ ਕਿਸੇ ਅਜਿਹੇ ਧਾਰਮਿਕ ਗ੍ਰੰਥ ਦੀ ਹੋਰ ਰਚਨਾ ਦੀ ਮਿਸਾਲ ਨਹੀਂ ਮਿਲਦੀ। ਇਸ ਮਹਾਨ ਕਾਰਜ ਦਾ ਸਾਰਾ ਸਿਹਰਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਂਦਾ ਹੈ।

'ਗੁਰੂ ਗ੍ਰੰਥ ਸਾਹਿਬ' ਸੰਸਾਰ ਦਾ ਇਕ ਪਵਿੱਤਰ ਧਰਮ ਗ੍ਰੰਥ ਹੈ ਤੇ ਇਹ ਸਿੱਖਾਂ ਦਾ ਸਦੀਵੀ ਗੁਰੂ ਹੈ ਕਿਉਂਕਿ ਇਹ ਧਰਮ ਗ੍ਰੰਥ ਵਿਸ਼ਵ ਵਿਆਪੀ ਪੱਧਰ ਦੇ, ਧਰਮ ਦੇ ਬਿਲਕੁਲ ਅਨੁਕੂਲ ਹੈ। ਵਿਸ਼ਵ ਵਿਆਪੀ ਪੱਧਰ ਦੇ ਕਈ ਫਿਲਾਸਫ਼ਰ ਤੇ ਧਰਮ ਗੁਰੂ ਇਸ ਧਰਮ ਗ੍ਰੰਥ ਬਾਰੇ ਇਹ ਸੋਚਦੇ ਹਨ ਕਿ ਇਹ ਸੰਸਾਰ ਪੱਧਰ 'ਤੇ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਵਧੀਆ ਜੀਵਨ ਜਾਂਚ ਸਿਖਾਉਣ ਲਈ ਗੁਣਾਂ ਦਾ ਇਕ ਉੱਤਮ ਤੇ ਵਿਲੱਖਣ ਖ਼ਜ਼ਾਨਾ ਹੈ। ਕਿਉਂਕਿ, ਇਹ ਸਿੱਖਾਂ ਦਾ ਗੁਰੂ ਹੈ, ਇਸ ਦਾ ਸਤਿਕਾਰ ਤੇ ਇਸ 'ਚ ਸ਼ਰਧਾ ਰੱਖਣਾ ਸਿੱਖ ਸੰਗਤ ਦਾ ਪਰਮ ਧਰਮ ਹੈ। ਸੰਨ 2004 'ਚ ਗੁਰੂ ਅਰਜਨ ਦੇਵ ਜੀ ਦੁਆਰਾ 'ਗੁਰੂ ਗ੍ਰੰਥ ਸਾਹਿਬ' ਦੀ ਕਰਾਈ ਗਈ ਸੰਪਾਦਨਾ ਦੇ 400 ਸਾਲ ਪੂਰੇ ਹੋਣ 'ਤੇ ਇਸ ਦੀ ਚਾਰ ਸੌ ਸਾਲਾ ਸ਼ਤਾਬਦੀ ਬੜੇ ਹਰਸ਼ੋ ਉਲਾਸ ਨਾਲ ਸੰਸਾਰ ਪੱਧਰ 'ਤੇ ਮਨਾਈ ਗਈ ਸੀ। ਸੰਨ 2004 'ਚ ਹੀ ਸਿੱਖ ਸੰਗਤ ਵੱਲੋਂ ਇਸ ਦੀ ਸੰਪੂਰਨਤਾ ਦੀ ਤਿੰਨ ਸੌ ਸਾਲਾ ਸ਼ਤਾਬਦੀ ਵੀ ਬੜੀ ਧੂੰਮ-ਧਾਮ ਨਾਲ ਮਨਾਈ ਗਈ ਸੀ। 'ਗੁਰੂ ਗ੍ਰੰਥ ਸਾਹਿਬ' ਦੀ ਸੰਪੂਰਨਤਾ 1704 ਈਸਵੀ 'ਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਦਮਦਮਾ ਸਾਹਿਬ ਵਿਖੇ ਕਰਵਾਈ ਸੀ। ਗੁਰੂ ਗ੍ਰੰਥ ਸਾਹਿਬ 'ਚ ਛੇਵੇਂ, ਸੱਤਵੇਂ, ਅੱਠਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਬਾਣੀ ਦੀ ਰਚਨਾ ਕੀਤੀ ਹੀ ਨਹੀਂ।

'ਗੁਰੂ ਗ੍ਰੰਥ ਸਾਹਿਬ' ਜੀ ਦੀ ਪਵਿੱਤਰ ਕਾਵਿ ਰਚਨਾ ਨੂੰ ਬੜੇ ਸਤਿਕਾਰ ਨਾਲ 'ਗੁਰਬਾਣੀ' ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਗੁਰੂ ਸਾਹਿਬ ਜੀ ਵੱਲੋਂ ਕਹੇ ਗਏ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ। ਇਨ੍ਹਾਂ ਸ਼ਬਦਾਂ ਨੂੰ ਗਾ ਕੇ ਜਾਂ ਪੜ੍ਹ ਕੇ ਜਾਂ ਇਹਨਾਂ ਦੀ ਵਿਆਖਿਆ ਕਰਕੇ ਇਹਨਾਂ 'ਓ ਦਿੱਤੇ ਗਏ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਸੰਗਤਾਂ 'ਚ ਪਹੁੰਚਾਇਆ ਜਾਂਦਾ ਹੈ। ਸਿੱਖ ਧਰਮ 'ਚ ਇਹਨਾਂ 'ਸ਼ਬਦਾਂ ਦੀ ਵਿਦਵਤਾ' ਨੂੰ ਹੀ 'ਗੁਰੂ' ਕਿਹਾ ਜਾਂਦਾ ਹੈ ਨਾ ਕਿ ਕਿਸੇ ਇਨਸਾਨ ਨੂੰ, ਜੋ ਦੇਹਧਾਰੀ ਹੋਵੇ। ਸਮੇਂ-ਸਮੇਂ 'ਤੇ ਪੈਦਾ ਹੋਏ ਸੰਤ ਮਹਾਂਪੁਰਸ਼ਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਹੋਏ ਸ਼ਬਦਾਂ ਨੂੰ ਦੈਵੀ ਸੰਦੇਸ਼ ਜਾਂ ਅਕਾਸ਼ਬਾਣੀ ਦੇ ਤੌਰ 'ਤੇ ਪ੍ਰਗਟ ਕੀਤਾ ਜਾਂਦਾ ਹੈ। ਜਿਹੜੀ ਕਾਵਿ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ 'ਚ ਦਰਜ ਨਹੀਂ ਕੀਤਾ ਗਿਆ, ਉਸ ਨੂੰ ਗੁਰੂ ਸਾਹਿਬ ਦੀ ਬਾਣੀ ਨਹੀਂ ਮੰਨਿਆ ਜਾਂਦਾ ਤੇ ਉਸ 'ਚ ਦਰਜ ਸੰਦੇਸ਼ਾਂ ਨੂੰ ਗੁਰੂ ਸਾਹਿਬਾਨ ਦੇ ਸੰਦੇਸ਼ ਵੀ ਨਹੀਂ ਮੰਨਿਆ ਜਾਂਦਾ। ਇਸ ਬਾਹਰੀ ਬਾਣੀ ਨੂੰ ਗੁਰੂ ਘਰਾਂ 'ਚ ਇਕੱਤਰ ਸੰਗਤ 'ਚ ਪੜ੍ਹਨ ਤੇ ਵਿਆਖਣ ਦੀ ਮਨਾਹੀ ਹੈ। ਸਿਰਫ਼ ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਸਿਰਜੀਆਂ ਰਚਨਾਵਾਂ ਦੀ ਹੀ ਗਾਉਣ, ਪੜ੍ਹਨ ਤੇ ਵਿਆਖਿਆ ਕਰਨ ਦੀ ਆਗਿਆ ਹੈ। ਜਿਹੜੇ ਵੀ ਗੁਰਬਾਣੀ ਦੇ ਅਧਿਆਪਕ, ਗ੍ਰੰਥੀ, ਧਰਮ ਪ੍ਰਚਾਰਕ ਤੇ ਸੰਤ ਮਹਾਂਪੁਰਸ਼ ਇਨ੍ਹਾਂ ਦੀਆਂ ਰਚਨਾਵਾਂ 'ਚ ਦਿੱਤੇ ਗਏ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੇ ਵਿਚਾਰ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ, ਉਨ੍ਹਾਂ ਸ਼ਖਸੀਅਤਾਂ ਦਾ ਸਿੱਖ ਸੰਗਤ ਬਹੁਤ ਮਾਣ-ਸਤਿਕਾਰ ਕਰਦੀ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ 'ਚ ਅਟੁੱਟ ਵਿਸ਼ਵਾਸ ਰੱਖਦੇ ਹਨ। ਇਸ ਦਾ ਪੂਰਾ ਸਤਿਕਾਰ ਕਰਦੇ ਹਨ ਤੇ ਇਸ ਨੂੰ ਪ੍ਰਮਾਤਮਾ ਦਾ ਪ੍ਰਤੱਖ ਰੂਪ ਜਾਣ ਕੇ ਇਸ ਦੇ ਆਦੇਸ਼ਾਂ ਨੂੰ ਮੰਨਦੇ ਹਨ। ਹੁਣ ਉਹ 'ਸ਼ਬਦ ਗੁਰੂ' ਤੋਂ ਇਲਾਵਾ ਕਿਸੇ ਹੋਰ ਦੇਹਧਾਰੀ ਗੁਰੂ ਨੂੰ ਨਹੀਂ ਮੰਨਦੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 20 ਅਕਤੂਬਰ 1708 ਈਸਵੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਇਕ ਬਹੁਤ ਵੱਡੇ ਇਕੱਠ 'ਚ ਸਿੱਖ ਸੰਗਤਾਂ ਨੂੰ, ਇਹੀ ਆਦੇਸ਼ ਦਿੱਤਾ ਸੀ ਕਿ ਉਹ 'ਸ਼ਬਦ' ਨੂੰ ਹੀ 'ਗੁਰੂ' ਮੰਨਣ।

ਜਿਹੜੇ ਸਿੱਖ ਗੁਰੂ ਨੂੰ ਦੇਖਣ ਦੀ ਇੱਛਾ ਰੱਖਦੇ ਹਨ ਉਹ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਸ਼ਬਦਾਂ 'ਚੋਂ ਮਿਲਣ ਵਾਲੀ ਸਿੱਖਿਆ ਨੂੰ ਹੀ ਗੁਰੂ ਸਮਝਣ ਤੇ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ ਦੀ ਹੀ ਪਾਲਣਾ ਕਰਨ। ਇਸ 'ਚ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਹੀ ਗੁਰੂ ਦਾ ਪ੍ਰਤੱਖ ਰੂਪ ਸਮਝਣ। ਗੁਰੂ ਗ੍ਰੰਥ ਸਾਹਿਬ 'ਚ 36 ਭਾਸ਼ਾਵਾਂ ਦੀ ਸ਼ਬਦਾਵਲੀ ਦਾ ਸੰਗ੍ਰਹਿ ਹੈ, ਜਿਸ ਲਈ ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ 430 ਅੰਗ (ਪੰਨੇ), 511,874 ਸ਼ਬਦ, 1,720,345 ਅੱਖਰ ਤੇ 28,534 ਪੰਗਤੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਦੀ ਸੰਪੂਰਨਤਾ ਜਿਵੇਂ ਕੀਤੀ ਸੀ, ਉਸ 'ਚ ਅੱਜ ਤੱਕ ਕੋਈ ਪਰਿਵਰਤਨ ਨਹੀਂ ਕੀਤਾ ਗਿਆ ਤੇ ਇਸਦਾ ਸਰੂਪ ਜਿਉਂ ਦਾ ਤਿਉਂ ਹੀ ਹੈ।

ਸਾਰੀਆਂ ਸੰਸਥਾਵਾਂ ਤੇ ਗੁਰੂ ਘਰ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਕਰਦੀਆਂ ਹਨ ਤਾਂ ਕਿ ਇਸ ਦੇ ਸਰੂਪਾਂ ਦਾ ਕੋਈ ਨੁਕਸਾਨ ਨਾ ਕਰ ਸਕੇ। ਇਸਦੇ ਸਰੂਪਾਂ ਨੂੰ ਬਹੁਤ ਹੀ ਪਵਿੱਤਰ ਤੇ ਸੁਰੱਖਿਅਤ ਸਥਾਨ 'ਤੇ ਰੱਖਿਆ ਜਾਂਦਾ ਹੈ ਤੇ ਇਨ੍ਹਾਂ ਦੀ ਸੰਭਾਲ ਇਵੇਂ ਹੀ ਕੀਤੀ ਜਾਂਦੀ ਹੈ ਜਿਵੇਂ ਕਿ ਪ੍ਰਮਾਤਮਾ ਦਾ ਪ੍ਰਤੱਖ ਰੂਪ ਹੀ ਹੋਣ। ਅੱਜ ਦੇ ਵਿਗਿਆਨਕ ਯੁੱਗ 'ਚ ਇਨ੍ਹਾਂ ਸਰੂਪਾਂ ਦੀ ਸੰਭਾਲ ਲਈ ਸਭ ਤੋਂ ਵੱਧ ਸਿਧਾਂਤਕ, ਪਵਿੱਤਰ ਤੇ ਸੁਰੱਖਿਅਤ ਤਰੀਕਾ ਇਲੈਕਟ੍ਰਾਨਿਕ, ਪ੍ਰਿੰਟਿੰਗ ਮਾਧਿਅਮ ਹੀ ਬਣ ਗਿਆ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਆਰੰਭ 'ਚ ਸੰਪਾਦਨਾ ਹੋਈ ਸੀ ਤਾਂ ਗੁਰੂ ਸਾਹਿਬਾਨ ਇਸ ਦੀਆਂ ਹੱਥ ਲਿਖਤ ਬੀੜਾਂ ਦਾ ਹੀ ਪ੍ਰਯੋਗ ਕਰਦੇ ਸਨ ਤੇ ਉਸ ਸਮੇਂ ਹੱਥ ਨਾਲ ਬੀੜਾਂ ਲਿਖਣ ਸਮੇਂ ਬਹੁਤ ਅਤਿਆਤ ਵਰਤੀ ਜਾਂਦੀ ਸੀ ਤੇ ਇਹਨਾਂ ਬੀੜਾਂ ਦੀ ਪਵਿੱਤਰਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਦਾ ਕਾਵਿਕ ਰੂਪ ਹੈ। ਇਸੇ ਲਈ ਹੀ ਇਸ 'ਚ ਕਿਸੇ ਤਰ੍ਹਾਂ ਦਾ ਰਲਾਅ ਜਾਂ ਮਿਲਾਵਟ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਆਪਣੇ ਕਾਵਿਕ ਰੂਪ ਕਾਰਨ ਹੀ ਲੋਕ ਦਿਲਾਂ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਇਸ ਲਈ ਕੁਝ ਵਿਦਵਾਨ, "ਇਸ ਦੀ ਤਾਕਤ ਨੂੰ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਾਹਿਤਕ ਤੇ ਸ਼ਾਬਦਿਕ ਤਾਕਤ ਮੰਨਦੇ ਹਨ ਤੇ ਕੋਈ ਵੀ ਟੀਕਾਕਾਰ ਜਾਂ ਵਿਆਖਿਆਕਾਰ ਇਸ ਦੇ ਕਾਵਿਕ ਰੂਪ ਜਿੰਨਾ ਸੁੰਦਰ ਪ੍ਰਭਾਵ, ਆਪਣੇ ਵਿਚਾਰਾਂ 'ਚ ਪ੍ਰਗਟਾ ਨਹੀਂ ਕਰ ਸਕਦਾ।" ਅਗਾਂਹ ਆਉਣ ਵਾਲੇ ਸਮੇਂ 'ਚ ਵੀ ਇਸ ਦੇ ਕਾਵਿਕ ਰੂਪ ਦਾ ਪ੍ਰਭਾਵ, ਇਸੇ ਤਰ੍ਹਾਂ ਹੀ ਬਣਿਆ ਰਹੇਗਾ।

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ ਵਿਸ਼ੇਸ਼ਤਾਵਾਂ ਹੀ ਇਸ ਨੂੰ ਦੁਨੀਆਂ ਦੇ ਸਭ ਧਰਮ ਗ੍ਰੰਥਾਂ ਦੇ ਮੁਕਾਬਲੇ 'ਚ ਸਰਵਸ਼੍ਰੇਸਟ ਸਥਾਨ ਤੇ ਰੱਖਦੀਆਂ ਹਨ। ਇਸ ਤੋਂ ਇਲਾਵਾ ਸਿਰਫ਼ ਇਹੀ ਧਰਮ ਗ੍ਰੰਥ ਹੈ ਜਿਸ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਬੋਲਕੇ ਲਿਖਾਇਆ ਗਿਆ, ਸੰਪਾਦਿਤ ਕੀਤਾ ਗਿਆ, ਗਲਤੀਆਂ ਦਾ ਸ਼ੁੱਧੀਕਰਨ ਕੀਤਾ ਗਿਆ ਤੇ ਹਸਤਾਖਰ ਕੀਤੇ ਗਏ ਤੇ ਇਸ ਨੂੰ, ਇਸ ਦੇ ਬਾਨੀਆਂ ਨੇ ਆਪਣੇ ਜੀਵਨ ਕਾਲ 'ਚ ਹੀ ਪ੍ਰਮਾਣਿਕਤਾ ਦਿੱਤੀ। ਇਹਨਾਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਮਦਦ ਨਾਲ ਹੀ ਸਿੱਖ ਧਰਮ ਸੁਰੱਖਿਅਤ ਰਹਿ ਸਕਿਆ ਹੈ, ਭਾਵੇਂ ਕਿ ਇਸ 'ਤੇ ਪਿਛਲੀਆਂ ਪੰਜ ਸਦੀਆਂ ਤੋਂ ਇਸ ਨੂੰ ਤਬਾਹ ਕਰਨ ਲਈ ਅਨੇਕਾਂ ਮਾਰੂ ਹਮਲੇ ਹੁੰਦੇ ਆ ਰਹੇ ਹਨ, ਨੂੰ ਸਹਿ ਸਕਿਆ ਹੈ। ਇਸੇ ਲਈ ਹੀ ਇਸ ਦੀ ਕਈ ਸਦੀਆਂ ਤੋਂ ਪਵਿੱਤਰਤਾ ਤੇ ਸੁਰੱਖਿਆ ਬਣੀ ਹੋਈ ਹੈ ਤੇ ਇਸ 'ਚ ਕੋਈ ਵੀ ਕਿਸੇ ਤਰ੍ਹਾਂ ਦਾ ਰਲਾਅ ਨਹੀਂ ਕਰ ਸਕਿਆ ਹੈ।

ਦਮਦਮਾ ਸਾਹਿਬ ਵਾਲੇ ਪਹਿਲੇ 'ਗੁਰੂ ਗ੍ਰੰਥ ਸਾਹਿਬ' ਦੇ ਅਨੇਕਾਂ ਵਾਰ ਸਰੂਪ ਛਪ ਚੁੱਕੇ ਹਨ। ਅੱਜਕਲ੍ਹ ਦੇ ਵਿਗਿਆਨਕ ਯੁੱਗ ਨੇ ਇਸ ਦੀ ਪੜ੍ਹਾਈ ਕਰਨਾ ਹੋਰ ਵੀ ਆਸਾਨ ਕਰ ਦਿੱਤਾ ਹੈ ਤੇ ਇਸ ਦੇ ਦਮਦਮੀ ਸਰੂਪ ਨੂੰ ਕਈ ਵੈਬਸਾਈਟਾਂ ਤੇ ਦੇਖਿਆ ਜਾ ਸਕਦਾ ਹੈ ਤੇ ਇੱਥੇ ਇਸ ਨੂੰ ਦੇਖਣ ਤੇ ਪੜ੍ਹਨ ਦਾ ਕੋਈ ਪੈਸਾ ਨਹੀਂ ਅਦਾ ਕਰਨਾ ਪੈਂਦਾ। ਇਸ ਤੋਂ ਇਲਾਵਾ ਇਸ ਦੇ ਸਰੂਪਾਂ ਨੂੰ ਹਿੰਦੀ, ਸਿੰਧੀ ਭਾਸ਼ਾਵਾਂ 'ਚ ਤੇ ਰੋਮਨ ਅੰਗਰੇਜ਼ੀ 'ਚ ਤਰਜਮਾ ਵੀ ਵੈਬਸਾਈਟ 'ਤੇ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਇਸ ਦਾ ਤਰਜਮਾ ਫਰੈਂਚ, ਸਪੈਨਿਸ਼, ਪੰਜਾਬੀ, ਹਿੰਦੀ, ਸਿੰਧੀ ਤੇ ਜਰਮਨ ਭਾਸ਼ਾਵਾਂ 'ਚ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇਸ ਦਾ ਤਰਜਮਾ ਥਾਈ, ਉਰਦੂ, ਹੈਬਰਿਊ ਤੇ ਹੋਰ ਕਈ ਭਾਰਤੀ ਭਾਸ਼ਾਵਾਂ 'ਚ ਤਿਆਰ ਹੋ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ। ਇਸ 'ਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਤੇ ਇਸ ਦੇ ਨਾਲ ਹੀ ਭਾਰਤ ਦੇ ਕਈ ਸੰਤ ਮਹਾਂਪੁਰਸ਼ਾਂ ਤੇ ਮੱਧ ਕਾਲੀਨ ਸਮੇਂ ਦੇ, ਕਈ ਵਰਗਾਂ ਦੇ ਰਹਿਬਰਾਂ ਦੀ ਬਾਣੀ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ ਤੇ ਇਹ ਸਾਰੇ ਮਹਾਂਪੁਰਸ਼ ਸਤਿਗੁਰੂ ਦਾ ਦਰਜਾ ਰੱਖਦੇ ਹਨ: ਸ੍ਰੀ ਫਰੀਦ ਜੀ, ਸ੍ਰੀ ਰਾਮਾਨੰਦ ਜੀ, ਸ੍ਰੀ ਕਬੀਰ ਜੀ, ਸ੍ਰੀ ਰਵਿਦਾਸ ਜੀ, ਸ੍ਰੀ ਸੈਣ ਜੀ, ਸ੍ਰੀ ਪੀਪਾ ਜੀ, ਸ੍ਰੀ ਧੰਨਾ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਤ੍ਰਿਲੋਚਨ ਜੀ, ਸ੍ਰੀ ਜੈਦੇਵ ਜੀ, ਸ੍ਰੀ ਬੇਣੀ ਜੀ, ਸ੍ਰੀ ਪਰਮਾਨੰਦ ਜੀ, ਸ੍ਰੀ ਸੂਰਦਾਸ ਜੀ, ਸ੍ਰੀ ਸਧਨਾ ਜੀ, ਸ੍ਰੀ ਭੀਖਣ ਜੀ, ਸ੍ਰੀਮਤੀ ਮੀਰਾ ਬਾਈ ਜੀ, ਭਾਈ ਮਰਦਾਨਾ ਜੀ, ਭਾਈ ਸੱਤਾ ਜੀ, ਭਾਈ ਬਲਵੰਡ ਜੀ ਤੇ ਬਾਬਾ ਸੁੰਦਰ ਜੀ, ਭੱਟ ਬਾਲ, ਭੱਟ ਭਾਲ੍ਹ, ਭੱਟ ਭੀਖਾ, ਭੱਟ ਮਯਾਂਡ, ਭੱਟ ਹਰਬੰਸ, ਭੱਟ ਜਾਪਾਲ, ਭੱਟ ਕੀਰਤ, ਭੱਟ ਮਥੁਰਾ, ਭੱਟ ਨਾਲ, ਭੱਟ ਸਾਲ, ਭੱਟ ਕਾਲਸ਼ਰ, ਭੱਟ ਕਾਲ ਤੇ ਭੱਟ ਤਾਲ ਜੀ ਦੀ ਬਾਣੀ ਦਰਜ ਕੀਤੀ। ਇਸ ਉਪਰੰਤ ਸ੍ਰੀ 'ਆਦਿ ਗ੍ਰੰਥ' ਸਾਹਿਬ ਦੀ ਸੰਪਾਦਨਾ ਸਿੱਖ ਧਰਮ ਦੇ ਮੁੱਖ ਤੀਰਥ ਸਥਾਨ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਵਿਖੇ 1604 ਈਸਵੀ ਨੂੰ ਕਰ ਦਿੱਤੀ। ਇਸ ਤੋਂ ਬਾਅਦ ਇਸ ਦਾ ਵਿਰੋਧ ਕਰਨ ਵਾਲਿਆਂ ਨੇ ਜੋ ਕਿ ਸਿੱਖ ਧਰਮ ਦੇ ਦੋਖੀ ਸਨ, ਨੇ ਕਿਹਾ, "ਸਿੱਖ ਧਰਮ ਦੀ ਗੱਦੀ 'ਤੇ ਗੁਰੂ ਅਰਜਨ ਦੇਵ ਜੀ ਦਾ ਅਧਿਕਾਰ ਨਹੀਂ ਹੈ, ਸਗੋਂ ਸਾਡਾ ਅਧਿਕਾਰ ਹੈ ਤੇ ਉਹਨਾਂ ਨੇ 'ਸ੍ਰੀ ਆਦਿ ਗ੍ਰੰਥ' ਸਾਹਿਬ ਦੀ ਬੀੜ ਤੇ ਕਬਜ਼ਾ ਕਰ ਲਿਆ ਤੇ ਇਸ ਤੇ ਆਪਣੀ ਮਾਲਕੀ ਦਾ ਐਲਾਨ ਕਰ ਦਿੱਤਾ। ਇਸ ਵਿਰੋਧੀ ਗਰੁੱਪ ਸਿੱਖ ਧਰਮ ਦੀ ਮੁੱਖ ਧਾਰਾ 'ਚ ਵੀ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ।" ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਦੀ ਬੀੜ ਦਾ ਪੁਨਰ ਸਿਰਜਣ ਕਰਨ ਲਈ ਇਸ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ 'ਚ ਦਰਜ ਕਰ ਦਿੱਤਾ। ਇਸ ਤਰ੍ਹਾਂ ਹੁਣ ਇਸ ਆਦਿ ਗ੍ਰੰਥ 'ਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੋ ਗਈ। ਇਹ ਸਾਰਾ ਕਾਰਜ ਗੁਰੂ ਸਾਹਿਬ ਨੇ ਆਪ ਬੋਲ ਕੇ, ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਕਰਵਾਇਆ। ਇਹ ਕਾਰਜ ਆਨੰਦਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਿਖੇ 1704 ਈਸਵੀ 'ਚ ਪੰਜਾਂ ਸਾਲਾਂ 'ਚ ਮੁਕੰਮਲ ਹੋਇਆ। ਇਹ ਕਾਰਜ ਪੂਰਾ ਹੋਣ ਨਾਲ ਸ੍ਰੀ ਦਮਦਮਾ ਸਾਹਿਬ ਦੀ ਜਗ੍ਹਾ ਵੀ ਹਮੇਸ਼ਾ ਲਈ ਅਮਰ ਹੋ ਗਈ।

ਇਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਸ਼ਟਰ ਦੇ ਨਾਂਦੇੜ ਸਥਾਨ 'ਤੇ ਚਲੇ ਗਏ ਤੇ ਇੱਥੇ ਇਕ ਵਿਸ਼ਾਲ ਦੀਵਾਨ 'ਚ ਆਪਣਾ ਆਖਰੀ ਸੰਦੇਸ਼ ਜਾਰੀ ਕਰਦਿਆਂ, ਸਿੱਖ ਕੌਮ ਨੂੰ ਕਿਹਾ ਕਿ, "ਅੱਗੋਂ ਤੋਂ ਗੁਰੂ ਪ੍ਰਥਾ ਬੰਦ ਕੀਤੀ ਜਾਂਦੀ ਹੈ ਤੇ ਹੁਣ ਸਾਰੀ ਸਿੱਖ ਕੌਮ ਦੇ 'ਗੁਰੂ' ਸ੍ਰੀ 'ਗੁਰੂ ਗ੍ਰੰਥ ਸਾਹਿਬ' ਜੀ ਹੀ ਹੋਣਗੇ, 'ਸੱਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'। ਉਸ ਦਿਨ ਤੋਂ 'ਆਦਿ ਗ੍ਰੰਥ' ਨੂੰ ਸ੍ਰੀ 'ਗੁਰੂ ਗ੍ਰੰਥ ਸਾਹਿਬ' ਜੀ ਕਿਹਾ ਜਾਣ ਲੱਗ ਪਿਆ।



ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿਚ ਹੈ। ਇਸ ਵਿਚ 14 ਰਾਗਾਂ ਤੇ 17 ਰਾਗਣੀਆਂ ਹਨ। ਰਾਗਾਂ ਵਿਚ ਰਾਗ ਰਾਮਕਲੀ, ਨਟ-ਨਰਾਇਣ, ਮਾਲੀ ਗਾਉੜਾ, ਰਾਗ ਮਾਰੂ, ਤੁਖਾਰੀ ਰਾਗ, ਕੇਦਾਰ ਰਾਗ, ਭੈਰਵ ਰਾਗ, ਰਾਗ ਬਸੰਤ, ਸਾਰੰਗ ਰਾਗ, ਰਾਗ ਮਲਾਰ, ਕੰਨੜ ਰਾਗ, ਰਾਗ ਕਲਿਆਣ, ਰਾਗ ਪ੍ਰਭਾਤੀ, ਰਾਗ ਜੈ ਜੈਵੰਤੀ, ਸ੍ਰੀ ਰਾਗ, ਮੰਝ ਰਾਗ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵਗੰਧਾਰੀ, ਰਾਗ ਬਿਹਾਰੜਾ, ਰਾਗ ਵੰਡ ਹੰਸ, ਸੋਰਠ ਰਾਗ, ਰਾਗ ਧਨਾਸਰੀ, ਜੈਤਸ੍ਰੀ ਰਾਗ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਸੂਹੀ ਰਾਗ, ਰਾਗ ਬਿਲਾਵੜਾ ਤੇ ਰਾਗ ਗੌਂਡ ਸ਼ਾਮਲ ਹਨ। ਇਸ ਤੋਂ ਇਲਾਵਾ 22 ਵਾਰਾਂ ਹਨ, ਇਹਨਾਂ ਵਿਚੋਂ 9 ਵਾਰਾਂ ਗਾਉਣ ਦੀ ਵਿਸ਼ੇਸ਼ ਤਰਜ਼ ਹੈ ਅਤੇ ਬਾਕੀ 13 ਵਾਰਾਂ ਨੂੰ ਕਿਸੇ ਵੀ ਤਰਜ਼ 'ਚ ਗਾਇਆ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ 'ਚ 5894 ਸ਼ਬਦ ਦਰਜ ਹਨ। ਇਸ 'ਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੀ ਹੈ ਤੇ ਉਨ੍ਹਾਂ ਦੇ 2216 ਸ਼ਬਦ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਪੰਦਰਾਂ ਸੰਤ-ਮਹਾਂਪੁਰਸ਼ਾਂ ਦੇ 937 ਸ਼ਬਦ ਵੀ ਇਸ 'ਚ ਦਰਜ ਹਨ। ਇਸ ਦੇ ਨਾਲ ਹੀ ਗਿਆਰਾਂ ਹੋਰ ਮਹਾਨ ਕਵੀਆਂ ਦੀਆਂ ਰਚਨਾਵਾਂ ਜਿਹੜੇ ਕਿ ਗੁਰੂ ਦਰਬਾਰ ਨਾਲ ਸਬੰਧਤ ਸਨ ਤੇ ਉਹਨਾਂ ਦੇ ਵਿਚਾਰ ਜਾਂ ਸਿਧਾਂਤ ਵੀ ਗੁਰੂ ਸਾਹਿਬਾਨ ਦੇ ਰੂਹਾਨੀ ਦੀਵਾਨਾਂ ਤੇ ਸੱਤ ਸੰਗਤਾਂ 'ਚ ਹਜ਼ਾਰਾਂ ਦੀ ਗਿਣਤੀ 'ਚ ਹਿੰਦੂ, ਮੁਸਲਮਾਨ, ਬ੍ਰਾਹਮਣ ਤੇ ਦਲਿਤ ਪਰਿਵਾਰਾਂ ਦੇ ਲੋਕ ਜੁੜਦੇ ਸਨ ਤੇ ਉਹ ਸਿੱਖ ਧਰਮ ਦੀ ਵਿਸ਼ਵ ਵਿਆਪੀ ਵਿਚਾਰਧਾਰਾ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਸਨ।

ਭਾਸ਼ਾ-ਵਿਗਿਆਨ ਦੇ ਨਜ਼ਰੀਏ ਤੋਂ ਵੀ ਜੇਕਰ ਦੇਖਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁਤ ਸਾਰੀਆਂ ਭਾਸ਼ਾਵਾਂ ਦਾ ਆਪਣੇ ਜ਼ਮਾਨੇ ਦਾ ਇਕ ਵੱਡਾ ਖ਼ਜ਼ਾਨਾ ਹੈ, ਜਿਹੜਾ ਕਿ ਸਾਡੇ ਸਮਾਜ ਦੇ ਹਰ ਵਰਗ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਭਾਸ਼ਾਵਾਂ ਖਾਸ ਤੌਰ 'ਤੇ ਸੰਤਾਂ-ਮਹਾਂਪੁਰਸ਼ਾਂ ਨੇ ਜੋ ਆਪਣੀਆਂ ਰਚਨਾਵਾਂ ਲਈ ਪ੍ਰਯੋਗ ਕੀਤੀਆਂ ਹਨ, ਉਹ ਮੱਧ-ਯੁੱਗ ਦੀਆਂ, ਆਪਣੇ-ਆਪਣੇ ਇਲਾਕੇ ਦੀਆਂ ਭਾਸ਼ਾਵਾਂ ਹੋਣ ਤੋਂ ਇਲਾਵਾ ਭਾਰਤ ਦੀ ਮੁੱਖ ਧਾਰਾ ਵਾਲੀ ਭਾਸ਼ਾ ਨਾਲ ਵੀ ਸਾਨੂੰ ਜੋੜਦੀਆਂ ਹਨ।ਇਹ ਭਾਸ਼ਾਵਾਂ ਇਲਾਕਾਈ ਉਪਭਾਸ਼ਾਵਾਂ ਹੋਣ ਦੇ ਨਾਲ-ਨਾਲ ਸੰਸਕ੍ਰਿਤ, ਪ੍ਰਾਕ੍ਰਿਤ, ਫਾਰਸੀ, ਅਰਬੀ, ਬੰਗਾਲੀ ਤੇ ਮਰਾਠੀ ਆਦਿ ਭਾਸ਼ਾਵਾਂ ਦੀ ਪੁੱਠ ਚੜ੍ਹਨ ਤੋਂ ਵੀ ਬਚ ਨਹੀਂ ਸਕੀਆਂ ਹਨ। ਇਸ ਭਾਸ਼ਾ ਨੇ ਅੱਜ ਤੱਕ ਇਹ ਆਪਣੀ ਵਿਭਿੰਨਤਾ ਦੱਖਣੀ-ਪੂਰਬੀ ਏਸ਼ੀਆ 'ਚ ਬਣਾਈ ਰੱਖੀ ਹੈ। ਇਸ ਦਾ ਪ੍ਰਭਾਵ, ਸਪਸ਼ਟਤਾ ਤੇ ਦੂਸਰੀਆਂ ਭਾਸ਼ਾਵਾਂ ਨੂੰ ਆਪਣੇ 'ਚ ਧਾਰਨ ਕਰਨ ਦੀ ਪ੍ਰਵਿਰਤੀ ਅਜੇ ਤੱਕ ਮੌਜੂਦ ਹੈ। ਗੁਰੂ ਸਾਹਿਬਾਨ ਨੇ ਇਸ ਪ੍ਰਵਿਰਤੀ 'ਚ ਹੋਰ ਵਾਧਾ ਕਰਨ ਲਈ ਇਸ ਦੇ ਧੁਨੀ-ਵਿਗਿਆਨ ਨੂੰ ਗੁਰਮੁਖੀ ਲਿਪੀ 'ਚ ਅਭਿਵਿਅਕਤ ਕੀਤਾ ਤੇ ਇਸਦਾ ਰੂਪ ਬਹੁ-ਭਾਸ਼ਾਈ ਹੋਣ ਦੇ ਬਾਵਜੂਦ ਵੀ, ਬਾਣੀ ਸਾਰੀ ਦੀ ਸਾਰੀ ਸੰਗੀਤਮਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਵਿਸ਼ਾ ਪ੍ਰਧਾਨ ਹੋਣ ਕਰਕੇ ਬੜੀ ਸਨਮਾਨਯੋਗ ਹੈ ਤੇ ਇਹ ਬੜੀ ਉੱਚੀ ਸੋਚ ਵਿਚਾਰ ਵਾਲੀ ਵੀ ਹੈ। ਬਾਣੀ ਸੰਗੀਤਮਈ ਹੋਣ ਕਾਰਨ, ਇਸ ਦਾ ਰਾਗਾਂ 'ਓ ਵਰਗੀਕਰਨ ਕੀਤਾ ਗਿਆ ਹੈ। ਇਸਦੀ ਲੈਅ ਤੇ ਰਵਾਨਗੀ ਵਜ਼ਨ ਤੇ ਤੋਲ 'ਚ ਪੂਰੀ ਹੈ। ਇਸੇ ਕਰਕੇ ਹੀ ਇਸ ਨੂੰ 'ਰਾਗ' ਕਿਹਾ ਗਿਆ ਹੈ। ਭਾਰਤੀਯ ਸ਼ਾਸਤਰੀ ਸੰਗੀਤ 'ਚ ਰਾਗ ਦਾ ਭਾਵ ਹੈ ਕਿ ਲੈਆਤਮਕ ਸੁਰੱਖਿਅਤ ਰੱਖਣ ਲਈ ਹੀ ਨਹੀਂ ਵਰਤਿਆ ਗਿਆ ਕਿ ਬਾਣੀ ਦੀ ਰਚਨਾਤਮਿਕਤਾ ਦਾ ਅਸਲੀ ਰੂਪ ਨਾ ਵਿਗੜੇ। ਵੈਸੇ ਵੀ ਬਾਣੀ ਦੀ ਇਸ ਰੂਪ 'ਚ ਨਕਲ ਕਰਨਾ ਬੜਾ ਮੁਸ਼ਕਿਲ ਕੰਮ ਹੈ ਪ੍ਰੰਤੂ ਇਸ ਨੂੰ ਹੋਰ ਰੂਹਾਨੀ ਤਜਰਬੇ ਨਾਲ, ਸੰਗੀਤ ਦੁਆਰਾ ਪੇਸ਼ ਕਰਕੇ ਸੁਰੱਖਿਅਤ ਕਰਨਾ ਤੇ ਅਲਾਹੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਪੇਸ਼ ਕਰਨਾ, ਇਕ ਮਾਰਕੇ ਦੀ ਗੱਲ ਹੈ। ਇਸ 'ਚ 31 ਰਾਗਾਂ ਦੀ ਵਰਤੋਂ ਹੋਈ ਹੈ। ਰਾਗਾਂ ਦੇ ਨਾਂ, ਗੁਰੂ ਸਾਹਿਬ ਨੇ ਇਸ 'ਚ ਕਈ ਰਾਗਾਂ ਦੀ ਆਪ ਖੁਦ ਬਣਤਰ ਤਿਆਰ ਕੀਤੀ ਹੈ। ਹਰ ਰਾਗ ਦੇ ਅਧੀਨ, ਸ਼ਬਦਾਂ ਨੂੰ ਗਾਉਣ ਦੀ ਵਿਧੀ ਤਿਆਰ ਕੀਤੀ ਤੇ ਇਹਨਾਂ 'ਚ ਚੌਪਦੇ ਤੇ ਅਸ਼ਟਪਦੇ ਤੇ ਕੁਝ ਲੰਮੀਆਂ ਕਾਵਿ ਰਚਨਾਵਾਂ, ਜਿਹਨਾਂ 'ਚ ਚੰਡਜ਼, ਵਾਰਾਂ ਤੇ ਭਗਤਾਂ ਦੀ ਬਾਣੀ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਦੀ ਇਕ ਖ਼ੂਬੀ ਇਹ ਵੀ ਹੈ ਕਿ ਇਸ 'ਚ ਛੰਦਾ-ਬੰਦੀ ਤੇ ਪਿੰਗਲ ਸ਼ਾਸਤਰ ਦਾ ਬਹੁਤ ਧਿਆਨ ਰੱਖਿਆ ਗਿਆ ਹੈ। ਪੌੜੀਆਂ ਤੇ ਸ਼ਲੋਕਾਂ ਦੀ ਛੰਦਾ-ਬੰਦੀ ਅਜਿਹੀ ਰਵਾਇਤੀ ਢੰਗ ਨਾਲ ਕੀਤੀ ਗਈ ਹੈ ਕਿ ਉਹ ਕਾਬਲੇ ਤਾਰੀਫ਼ ਹੈ। ਇਹ ਸ਼ਾਸਤਰੀ ਸੰਗੀਤ ਦੀ ਕਲਾ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ ਤੇ ਇਸ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹੁਤ ਸਾਰੀਆਂ ਅਲਾਉਣੀਆਂ, ਗੋਰਿਸ ਤੇ ਚੰਡਜ ਆਦਿ ਆਪਣੀ ਲੋਕਧਾਰਾ ਵਾਲੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ ਤੇ ਉਹਨਾਂ ਦੀ ਛੰਦਾ-ਬੰਦੀ ਦਾ ਤੋਲ ਵੀ ਨਿਯਮਾਂ ਦੀ ਪੂਰੀ ਪਾਲਣਾ ਕਰਦਾ ਹੈ। ਬਾਣੀ ਦੀ ਅੰਦਰਲੀ ਤੇ ਬਾਹਰਲੀ ਖ਼ੂਬਸੂਰਤੀ ਦਾ ਤਾਲਮੇਲ ਅਜਿਹਾ ਹੈ ਕਿ ਇਸ ਦੀ ਸ਼ਬਦਾਵਲੀ ਸੰਗੀਤ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ ਤੇ ਆਪਣੀ ਵਿਦਵਤਾ ਤੇ ਸਰਲਤਾ ਦਾ ਪੂਰਾ ਪ੍ਰਗਟਾਅ ਕਰਦੀ ਹੈ। ਬਾਣੀ 'ਚ ਦਿੱਤੇ ਵਿਚਾਰਾਂ ਦਾ ਸੁਰੀਲਾਪਣ ਬੜੀ ਨਿਪੁੰਨਤਾ ਤੇ ਵਿਗਿਆਨਕ ਤਰੀਕੇ ਨਾਲ ਆਪਣੀ ਵਿਦਵਤਾ ਦੀ ਪੂਰੀ ਛਾਪ ਛੱਡਦਾ ਹੈ। ਇਸ ਲਈ ਇਹ, ਇਸ ਨੂੰ ਇਕ ਵਿਲੱਖਣ ਤਰੀਕੇ ਨਾਲ ਹੋਰ ਪ੍ਰਭਾਵਸ਼ਾਲੀ ਤੇ ਲਚਕੀਲਾ ਬਣਾਉਂਦਾ ਹੈ ਤੇ 'ਗੁਰੂ ਗ੍ਰੰਥ ਸਾਹਿਬ' ਦੀ ਸੁੰਦਰਤਾ ਤੇ ਅਨੁਸ਼ਾਸਨ ਦਾ ਪ੍ਰਗਟਾਅ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਨੂੰ, ਕੀਰਤਨ ਕਰਨ ਦੀ ਵਿਧੀ ਨਾਲ ਗਾਇਆ ਜਾਂਦਾ ਹੈ। ਇਸ ਤਰੀਕੇ ਨਾਲ ਗੁਰਬਾਣੀ ਦੇ ਸਹੀ ਅਰਥਾਂ ਨੂੰ ਸਰੋਤਿਆਂ ਦੀ ਇਲਾਹੀ ਸੁਰਤ ਨਾਲ ਜੋੜ ਦਿੱਤਾ ਜਾਂਦਾ ਹੈ ਤੇ ਉਹ ਸੰਗੀਤ ਦੀਆਂ ਸੁਰਾਂ ਨਾਲ ਝੂੰਮਦਾ ਹੋਇਆ ਆਪਣੀ ਸੁਰਤ ਨੂੰ ਇਕਾਗਰ ਕਰ ਲੈਂਦਾ ਹੈ ਤੇ ਉਸ ਸਰਵਵਿਆਪੀ ਨਾਲ ਜੁੜ ਜਾਂਦਾ ਹੈ। ਸ਼ਬਦ ਕੀਰਤਨ ਕਰਨ ਵਾਲਿਆਂ ਦਾ ਸਰੀਰਕ ਪ੍ਰਭਾਵ ਤੇ ਉਨ੍ਹਾਂ ਦੇ ਚਿਹਰੇ ਦਾ ਹਾਵ-ਭਾਵ, ਬਾਣੀ 'ਚ ਦਰਜ ਵਿਚਾਰਾਂ ਦਾ ਪ੍ਰਗਟਾ ਵੀ ਕਰਦੇ ਹਨ ਤੇ ਇਸ ਦਾ ਵੀ ਸਰੋਤਿਆਂ ਦੀ ਸੁਰਤ ਜੋੜਨ 'ਚ ਸਰੀਰ ਤੇ ਦਿਮਾਗ ਦੋਹਾਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਜਿਉਂ ਹੀ ਅਸੀਂ ਗੁਰਬਾਣੀ ਦਾ ਗਾਇਨ ਕਰਦੇ ਹਾਂ ਜਾਂ ਸੁਣਦੇ ਹਾਂ ਤਾਂ ਸਾਰੀ ਸ੍ਰਿਸ਼ਟੀ ਸਾਨੂੰ ਇਕ ਰੂਪ ਦਾ ਚਿਤਰਨ ਧਾਰ ਕੇ ਨਜ਼ਰ ਆਉਂਦੀ ਹੋਈ ਪ੍ਰਤੀਤ ਹੁੰਦੀ ਹੈ। ਸ਼ਬਦ ਕੀਰਤਨ ਸੁਣਨ ਨਾਲ ਅਸੀਂ ਸ਼ਬਦਾਂ 'ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਾਂ। ਇਸ ਦੇ ਸੁਣਨ ਨਾਲ ਸਾਡੀ ਕਾਇਆ ਪਵਿੱਤਰ ਹੁੰਦੀ ਹੈ ਤੇ ਸਾਡੇ ਅੰਦਰ ਵਿਚਾਰਾਂ ਦੀ ਸ਼ੁੱਧਤਾ ਆਉਂਦੀ ਹੈ। ਗੁਰਬਾਣੀ ਦੇ ਰਾਗਾਂ ਦੀਆਂ ਸੰਗੀਤਕ ਸੁਰਾਂ ਦਾ ਸਬੰਧ ਸਰੀਰ, ਦਿਮਾਗ ਤੇ ਰੂਹ ਨਾਲ ਹੁੰਦਾ ਹੈ, ਇਹਨਾਂ ਸਭ ਦੀ ਸੇਧ ਸਾਨੂੰ ਸਾਡੀਆਂ ਭਾਵਨਾਵਾਂ, ਮਾਨਸਿਕਤਾ, ਰੂਹਾਨੀਅਤ ਤੇ ਉਸ ਹਸਤੀ ਦੀ ਹੋਂਦ ਨਾਲ ਜੋੜਦੀ ਹੈ। ਇਹ ਸਾਰੀਆਂ ਚੀਜ਼ਾਂ ਦਿਮਾਗ 'ਚ ਕੋਈ ਖਿਆਲ ਬਿਠਾਉਂਦੀਆਂ ਹਨ ਜੋ ਰੂਹਾਨੀਅਤ ਤੇ ਦਿਮਾਗੀ ਵਿਕਾਸ ਦਾ ਕੇਂਦਰ ਹਨ। ਇਸ ਤਰ੍ਹਾਂ ਸਿੱਖ ਸੰਗਤ ਇਕੱਠੀ ਹੋ ਕੇ ਜਦੋਂ ਗੁਰਬਾਣੀ ਦਾ ਪਾਠ ਤੇ ਗਾਇਨ ਕਰਦੀ ਹੈ ਤਾਂ ਉਨ੍ਹਾਂ ਨੂੰ ਅੱਖਾਂ ਸਾਹਮਣੇ, ਇਕ ਸੰਯੁਕਤ ਰੂਹਾਨੀਅਤ ਸ਼ਕਤੀ ਨਜ਼ਰ ਆਉਂਦੀ ਹੈ। ਇਹ ਇਵੇਂ ਹੁੰਦਾ ਹੈ ਕਿ ਸਧਾਰਨ ਸ਼ਬਦ, ਸ਼ੁਭ ਸ਼ਬਦ ਬ੍ਰਹਮ 'ਚ ਤਬਦੀਲ ਹੋ ਜਾਂਦੇ ਹਨ।

(ਬਾਕੀ ਅਗਲੇ ਸਫੇ ਤੇ)

# 'ਸ਼ਬਦਾਂ ਦੀ ਵਿਦਵਤਾ ਹੀ 'ਸ਼ਬਦ ਗੁਰੂ' ਹੈ'

ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ, ਜਿਸ ਨੂੰ ਗੁਰਬਾਣੀ ਪਾਠ ਵੀ ਕਿਹਾ ਜਾਂਦਾ ਹੈ, ਹਰ ਸਿੱਖ ਦਾ ਇਕ ਪਵਿੱਤਰ ਹੱਕ ਹੈ ਜਿਹੜਾ ਉਸ ਨੂੰ ਆਪਣੇ ਗੁਰੂ ਨਾਲ ਜੋੜਦਾ ਹੈ ਤੇ ਇਹ ਉਸ ਨੂੰ ਰੂਹਾਨੀਅਤ ਦੀ ਅਗਵਾਈ ਵੀ ਕਰਦਾ ਹੈ। ਇਹ ਇਕ ਧਰਮ ਮਰਿਆਦਾ ਤੋਂ ਕਿਤੇ ਉਪਰ ਹੈ ਜਾਂ ਇਕ ਸਮੂਹਿਕ ਗੁੰਝਲਦਾਰ ਯਤਨ ਕਰਨਾ ਹੈ। ਬੌਧਿਕ ਸੋਚ ਵਿਚਾਰ ਜਾਂ ਠਰ੍ਹੰਮਾ, ਸਿਆਣਪਤ ਤੇ ਵਿਸ਼ਵਾਸ ਨੂੰ ਪਾਉਣ ਲਈ, ਦਾ ਇਕ ਵਧੀਆ ਤਰੀਕਾ ਹੈ, ਜਿਸ ਨਾਲ ਅੰਦਰਲੀ ਰੌਸ਼ਨੀ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੁਰ 'ਚ ਪੜ੍ਹ ਕੇ ਵੀ ਆਪਣੇ ਵਿਚਾਰਾਂ 'ਚ ਸ਼ੁੱਧਤਾ ਲਿਆਂਦੀ ਜਾ ਸਕਦੀ ਹੈ। ਬਾਣੀ ਦੇ ਸ਼ਬਦਾਂ ਨੂੰ ਪੜ੍ਹ ਕੇ ਅਕਸਰ ਆਪਣੇ 'ਚ ਧੀਰਜ ਲਿਆਉਣ ਨਾਲ ਆਪਣੇ ਦੁੱਖਾਂ ਕਲੇਸ਼ਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ।ਇਸ ਨਾਲ ਆਪਣੇ ਦੁੱਖਾਂ-ਕਲੇਸ਼ਾਂ ਨੂੰ ਸਮਝਣ 'ਚ ਮਦਦ ਮਿਲਦੀ ਹੈ ਤੇ ਮਾਨਸਿਕ ਖੁਸ਼ੀ ਪ੍ਰਾਪਤ ਹੁੰਦੀ ਹੈ ਜਾਂ ਅੰਤਰ ਆਤਮਾ 'ਚ ਇਸ ਦੀ ਖੁਸ਼ੀ ਦੀ ਲਹਿਰ ਅੰਦਰ ਦੌੜਦੀ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਰਹੱਸਮਈ ਬਾਣੀ 'ਚ ਜਿਹੜੀ ਅਧਿਆਤਮਕ ਅਰਜੋਈ ਕੀਤੀ ਗਈ ਹੈ, ਉਸ ਨੂੰ ਥੋੜ੍ਹੇ ਲਫਜ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਪਵਿੱਤਰ ਧਰਮ ਗ੍ਰੰਥ 'ਚ ਅਧਿਆਤਮਵਾਦ ਦਾ ਵਿਸ਼ਾ, ਇਕ ਗੂੜ੍ਹ ਗਿਆਨ ਦਾ ਵਿਸ਼ਾ ਹੈ। ਇਸ ਦੀਆਂ ਰਹੱਸਮਈ ਤੰਦਾਂ ਦੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਚਿੰਤਨ ਕਰਨਾ, ਇਕ ਬਹੁਤ ਵੱਡੀ ਵਿਦਵਤਾ ਦੀ ਮੰਗ ਕਰਦਾ ਹੈ। ਇਸ ਦੀਆਂ ਕਈ ਰਚਨਾਵਾਂ 'ਚ ਜੋ ਮੁਹਾਵਰੇ ਵਰਤੇ ਗਏ ਹਨ, ਉਹ ਆਮ ਲੋਕਾਂ ਦੀ ਬੋਲੀ 'ਚੋਂ ਹਨ ਤੇ ਬੜੀ ਸਰਲਤਾ ਤੇ ਸਪਸ਼ਟਤਾ ਨਾਲ, ਉਹ ਸਮਝ ਆਉਂਦੇ ਹਨ ਤੇ ਚੌਗਿਰਦੇ ਦਾ ਪੂਰਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਬਾਣੀ ਦੀ ਰਚਨਾ ਬੜੀ ਕਾਬਲੇ ਤਾਰੀਫ਼ ਹੈ। ਇਹ ਬੜੀ ਰਸੀਲੀ, ਆਮ ਆਦਮੀ ਦੀ ਸਮਝ 'ਚ ਪੈਣ ਵਾਲੀ ਤੇ ਇਸ ਨੂੰ ਬੜੀ ਆਸਾਨੀ ਨਾਲ ਗਾਇਆ ਜਾ ਸਕਦਾ ਹੈ। ਇਸ ਦੀ ਬਿੰਬਾਵਲੀ ਸਾਡੀ ਰੋਜ਼ਾਨਾ ਜ਼ਿੰਦਗੀ ਦੀ ਆਮ ਬੋਲੀ 'ਚੋਂ ਹੈ ਤੇ ਇਸ ਦਾ ਤੋਲ ਤੇ ਤੁਕਾਂਤ ਪਿੰਗਲ ਸ਼ਾਸਤਰ ਦੀ ਕਸਵੱਟੀ 'ਤੇ ਪੂਰਾ ਉੱਤਰਦਾ ਹੈ। ਗੁਰੂ ਸਾਹਿਬਾਨ ਕੁਦਰਤ ਦੇ ਵੀ ਬਹੁਤ ਪ੍ਰੇਮੀ ਸਨ। ਉਹਨਾਂ ਦੀ ਗੁਰਬਾਣੀ 'ਚ ਆਪਣੇ ਆਲੇ-ਦੁਆਲੇ ਤੇ ਕੁਦਰਤੀ ਨਜ਼ਾਰਿਆਂ ਦਾ ਚਿਤਰਨ ਤੇ ਰੂਪਾਂਤਰਣ ਵੀ ਬੜੀ ਖੂਬਸੂਰਤੀ ਨਾਲ ਕੀਤਾ ਹੈ। ਸੂਰਜ ਦੇ ਚੜ੍ਹਨ ਤੇ ਅਸਤ ਹੋਣ ਦੇ ਦ੍ਰਿਸ਼, ਰੁੱਤਾਂ ਦੀ ਤਬਦੀਲੀ ਤੇ ਉਸ ਅਕਾਲ ਪੁਰਖ ਨਾਲ ਆਪਣੇ ਪ੍ਰੇਮ ਨੂੰ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ 'ਚ ਬਾਣੀ ਦੇ ਰਚਾਇਤਾਵਾਂ ਨੇ ਇਸ ਧਰਮ ਗ੍ਰੰਥ ਨੂੰ ਇਕ ਵਿਸ਼ੇਸ਼, ਵਿਲੱਖਣ, ਰਹੱਸਮਈ, ਤੱਤਕਾਲੀਨ, ਮਹੱਤਵਪੂਰਨ ਤੇ ਜੀਵਨ ਜਾਂਚ ਦਾ ਯਥਾਰਥ ਬਣਾ ਦਿੱਤਾ ਹੈ, ਜਿਹੜਾ ਕਿ ਮਨੁੱਖੀ ਮਨਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਟੁੰਬਦਾ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਸਭ ਤੋਂ ਜ਼ਿਆਦਾ ਸ਼ਾਨ ਵਧਾਉਣ ਵਾਲੀ ਖਾਸੀਅਤ ਇਹ ਹੈ ਕਿ ਇਸ ਦੀ ਪ੍ਰਵਿਰਤੀ ਕਿਸੇ ਨਾਲ ਪੱਖਪਾਤ ਕਰਨ ਵਾਲੀ ਨਹੀਂ ਹੈ। ਇਸ ਦੀ ਪ੍ਰਵਿਰਤੀ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਲੈਣ ਵਾਲੀ ਹੈ, ਕਿਸੇ ਨਾਲ ਵੀ ਵੈਰ ਵਿਰੋਧ ਤੇ ਤਕਰਾਰ ਰੱਖਣ ਵਾਲੀ ਨਹੀਂ ਹੈ। ਇਸ ਧਰਮ ਗ੍ਰੰਥ ਦੀ ਵਿਲੱਖਣਤਾ ਇਹ ਵੀ ਹੈ ਕਿ ਜਿਸ ਸਮੇਂ 'ਚ ਇਸ ਦੀ ਸੰਪਾਦਨਾ ਹੋਈ ਉਸ ਸਮੇਂ ਦੇ ਦੌਰਾਨ 'ਚ ਇਹ ਆਪਣੇ ਆਪ ਨੂੰ ਰੂੜ੍ਹੀਵਾਦੀ, ਕੱਟੜਵਾਦ, ਧੜੇਬਾਜ਼ੀ ਤੇ ਫਜ਼ੂਲ ਦੇ ਮਾਨਵੀ ਵਿਵਾਦ ਤੋਂ ਦੂਰ ਰੱਖਦਾ ਹੈ। ਉਸ ਸਮੇਂ 'ਚ ਇਹ ਆਪਣੇ ਸੰਤੁਲਨ ਨੂੰ, ਆਪਣੀ ਬਾਣੀ ਦੀ ਵਿਆਖਿਆ ਸ਼ਬਦਾਂ ਤੇ ਭਜਨਾਂ ਨਾਲ, ਜਿਹਨਾਂ ਨੂੰ ਸੰਤ ਮਹਾਂਪੁਰਸ਼, ਵਿਦਵਾਨ ਤੇ ਹੋਰ ਪਵਿੱਤਰ ਰੂਹਾਂ ਸੰਗੀਤਕ ਸੁਰਾਂ 'ਤੇ ਗਾ ਕੇ ਪ੍ਰਚਾਰਿਤ ਕਰਦੀਆਂ ਸਨ, ਨਾਲ ਬਣਾਈ ਰੱਖਿਆ ਹੈ। ਅਕਸਰ ਬਾਣੀ ਦੇ ਸ਼ਬਦ ਤੇ ਦੋਹਰੇ, ਲੋਕਾਂ ਦੀ ਆਮ ਜ਼ੁਬਾਨ 'ਚ ਹੋਣ ਕਰਕੇ ਤੇ ਮੁਹਾਵਰੇ ਬੰਦੀ ਬੜੀ ਸਰਲ ਹੋਣ ਕਰਕੇ ਇਸ ਨਾਲ ਲੋਕਾਂ ਨਾਲ ਸੰਪਰਕ ਬਣਾਉਣਾ ਬੜਾ ਆਸਾਨ ਸੀ। ਇਸ ਨਾਲ ਬਾਣੀ ਦੇ ਮੂਲ ਭਾਵ ਨੂੰ ਲੋਕਾਂ ਤੱਕ ਪਹੁੰਚਾਉਣਾ, ਗੁਰੂ ਸਾਹਿਬਾਨ ਲਈ ਇਕ ਬੜਾ ਅਸਾਨ ਤਰੀਕਾ ਸੀ।

ਗੁਰੂ ਗ੍ਰੰਥ ਸਾਹਿਬ ਉਸ ਸਮੇਂ ਦਾ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ 'ਚ ਉਸ ਸਮੇਂ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਇਸ 'ਚ ਲੋਕਾਂ ਦਾ ਵਿਸ਼ਵਾਸ ਬਹਾਲ ਕਰਵਾਇਆ ਤੇ ਅੱਜ ਇਸ ਧਰਮ ਗ੍ਰੰਥ 'ਚ ਇਹ ਵਿਸ਼ਵਾਸ ਵਿਸ਼ਵ ਵਿਆਪੀ ਪੱਧਰ 'ਤੇ ਬਹਾਲ ਹੈ। ਦਰਅਸਲ 'ਚ ਇਸ 'ਚ ਰੂਹਾਨੀਅਤ, ਜੀਵਨ ਜਾਂਚ ਤੇ ਧਾਰਮਿਕਤਾ ਦੀ ਬਹੁਮੁੱਲਤਾ ਦਾ ਬੜੀ ਵੱਡੀ ਪੱਧਰ 'ਤੇ ਵਿਸਥਾਰ ਦਰਜ ਹੈ। ਇਸ 'ਚ 12ਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਦਾ ਕਾਵਿ ਜਿਹੜਾ ਕਿ ਭਾਰਤ ਦੇ ਮਹਾਨ ਸੰਤ-ਮਹਾਂਪੁਰਸ਼ਾਂ ਤੇ ਰਹਿਬਰਾਂ ਦਾ ਰਚਿਤ ਹੈ ਤੇ ਉਹ ਸਿੱਖ ਗੁਰੂ ਸਾਹਿਬਾਨ ਦੇ ਗੁਰਮਤਿ ਦੇ ਸਿਧਾਂਤਾਂ ਨਾਲ ਮੇਲ ਖਾਂਦਾ ਹੈ, ਦਰਜ ਹੈ। ਇਸ ਸਾਹਿਤ 'ਚ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਦਸ਼ਾ ਦਾ ਵੀ ਵਰਣਨ ਮਿਲਦਾ ਹੈ। ਇਸ ਕਾਵਿ ਰਚਨਾ 'ਚ ਉਸ ਸਮੇਂ ਦੇ ਰਾਜਨੀਤਿਕ ਲੋਕਾਂ, ਪਾਖੰਡੀ-ਦੰਭੀ, ਸਾਧਾਂ ਫਕੀਰਾਂ ਤੇ ਦੂਸਰੇ ਧਰਮਾਂ ਦੀਆਂ ਕੁਰੀਤੀਆਂ ਦਾ ਵਰਣਨ ਵੀ ਦਰਜ ਹੈ। ਜਿੱਥੇ ਗੁਰੂ ਗ੍ਰੰਥ ਸਾਹਿਬ 'ਚੋਂ ਰੂਹਾਨੀਅਤ ਤੇ ਅਧਿਆਤਮਿਕਤਾ ਦੀ ਸਿੱਖਿਆ ਮਿਲਦੀ ਹੈ, ਇਸ ਦੇ ਨਾਲ ਹੀ ਧਰਮ ਨਿਰਪੱਖਤਾ ਤੇ ਜ਼ਿੰਦਗੀ ਦੀ ਵਿਗਿਆਨਕ ਤਰੀਕੇ ਨਾਲ ਯਥਾਰਥਕ ਜਾਚ ਕਰਨ ਦੀ ਸਿੱਖਿਆ ਵੀ ਮਿਲਦੀ ਹੈ।ਇਸ ਦੇ ਨਾਲ ਹੀ ਰਹੱਸਮਈ ਤੇ ਰੂਹਾਨੀਅਤ ਦੀਆਂ ਡੂੰਘੀਆਂ ਗੁੰਝਲਾਂ ਨੂੰ 'ਸ਼ਬਦ ਗੁਰੂ' ਦੀ ਮਦਦ ਨਾਲ ਹੱਲ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ 'ਚ ਮਾਨਵੀ ਕਦਰਾਂ ਕੀਮਤਾਂ ਦਾ ਜ਼ਿਕਰ ਵੀ ਸੰਕਲਿਤ ਹੈ। ਇਹ ਮਾਨਵਵਾਦੀ ਸੋਚ ਹੈ ਜੋ ਮਾਨਵ ਨੂੰ 'ਸਮਾਜਿਕ ਬਰਾਬਰੀ' ਦੀ ਨਸੀਹਤ ਵੀ ਦਿੰਦਾ ਹੈ ਤੇ ਸਮੁੱਚੀ ਮਾਨਵਤਾ ਨੂੰ, ਕੁਦਰਤ ਦੇ ਸਭ ਬੰਦੇ ਤੇ ਮਨੁੱਖ ਦੀ ਜਾਤ ਇਕੋ ਮਾਨਵਤਾ ਹੀ ਹੈ, ਦਾ ਸੰਦੇਸ਼ ਵੀ ਦਿੰਦਾ ਹੈ। ਸਮਾਜਿਕ ਕੁਰੀਤੀਆਂ ਨੂੰ ਨਕਾਰਦਾ ਹੈ, ਭ੍ਰਿਸ਼ਟਾਚਾਰ ਦਾ ਵਿਰੋਧ ਕਰਦਾ ਹੈ, ਸੱਚੀ ਸੁੱਚੀ ਕਿਰਤ ਦੀ ਪ੍ਰਸੰਸਾ ਕਰਦਾ ਹੈ ਤੇ ਆਪਣੀ ਮਿਹਨਤ ਦੀ ਕਮਾਈ ਨਾਲ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਦਾ ਉਪਦੇਸ਼ ਵੀ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਉਸ ਸਮੇਂ ਦੇ ਜਰਵਾਣੇ ਰਾਜੇ, ਮਹਾਰਾਜਿਆਂ ਨੂੰ ਰੂਹਾਨੀਅਤ ਅਪਣਾਉਣ ਦੀ ਗੱਲ ਵੀ ਕਰਦਾ ਹੈ ਤੇ ਉਹਨਾਂ ਦੇ ਅਮਾਨਵੀ ਕਾਰਨਾਮਿਆਂ ਦਾ ਵਿਰੋਧ ਵੀ ਕਰਦਾ ਹੈ। ਬਾਬਰ ਬਾਣੀ ਇਸ ਦੀ ਵੱਡੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਅਰਜਨ ਦੇਵ ਜੀ ਦਾ ਇਹ ਵਿਚਾਰ ਬੜੇ ਸਪਸ਼ਟ ਰੂਪ 'ਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਭ ਧਰਮਾਂ 'ਚ ਜੋ ਰਹੱਸਵਾਦੀ ਅਨੇਕਰੂਪਤਾ ਦਾ ਜੋ ਅਨੁਭਵ ਨਜ਼ਰ ਆਉਂਦਾ ਹੈ, ਉਸ ਨੂੰ ਇਕ ਜਗ੍ਹਾ, ਇਕੱਤਰ ਕਰਕੇ, ਉਸ ਦੀ ਜਾਣਕਾਰੀ, ਲੋਕਾਈ ਤੱਕ ਪਹੁੰਚਾਈ ਜਾਵੇ ਤੇ ਉਸੇ ਸਮੇਂ ਇਹਨਾਂ ਦੇ ਰਹੱਸਮਈ ਮੂਲ ਸਿਧਾਂਤਾਂ ਨੂੰ, ਇਕ ਥਾਂ ਇਕੱਤਰ ਕਰਕੇ, 'ਗੁਰੂ ਗ੍ਰੰਥ ਸਾਹਿਬ' 'ਚ ਵਿਸ਼ਵਾਸ ਬਹਾਲ ਕੀਤਾ ਜਾਵੇ। ਇਸ ਧਾਰਮਿਕ ਗ੍ਰੰਥ 'ਚ ਉਹਨਾਂ ਨੇ ਸਭ ਧਰਮਾਂ ਦੇ ਵਿਚਾਰਾਂ ਦਾ ਸੰਗ੍ਰਹਿ ਵੀ ਕੀਤਾ ਹੈ ਤਾਂ ਕਿ ਸਭ ਧਰਮਾਂ ਦੇ ਲੋਕ, ਇਕੋ ਹੀ ਧਾਰਮਿਕ ਗ੍ਰੰਥ 'ਚੋਂ ਰੂਹਾਨੀਅਤ ਤੇ ਜੀਵਨ ਜਾਂਚ ਦੀ ਸਿੱਖਿਆ ਲੈ ਸਕਣ। ਇਸ ਲਈ ਹੀ ਉਹਨਾਂ ਨੇ ਸਭ ਧਰਮਾਂ ਦੇ ਸੰਤ-ਮਹਾਂਪੁਰਸ਼ਾਂ, ਰਹਿਬਰਾਂ, ਸੂਫ਼ੀ ਫਕੀਰਾਂ, ਭਗਤਾਂ, ਗੁਰੂਆਂ ਤੇ ਵਿਦਵਾਨਾਂ ਦੀ ਬਾਣੀ ਨੂੰ ਇਕੱਤਰ ਕਰਕੇ 'ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਤੇ ਸਥਾਪਨਾ ਕਰਵਾਈ ਤਾਂ ਜੋ ਸਮੁੱਚੀ ਲੋਕਾਈ ਉਸ 'ਇਕੋ ਜੋਤ' ਭਾਵ ਪ੍ਰਮਾਤਮਾ ਦੀ ਉਪਾਸਨਾ ਕਰ ਸਕਣ।

ਸਿੱਖ ਜਗਤ ਖਾਸ ਤੌਰ 'ਤੇ ਸਮੁੱਚਾ ਸੰਸਾਰ ਆਮ ਕਰਕੇ ਵਧਾਈ ਦਾ ਪਾਤਰ ਹੈ ਕਿ ਅੱਜ ਉਹਨਾਂ ਪਾਸ 'ਗੁਰੂ ਗ੍ਰੰਥ ਸਾਹਿਬ' ਜੀ ਜਿਹਾ ਇਕ ਮਹਾਨ ਪਵਿੱਤਰ ਧਾਰਮਿਕ ਗ੍ਰੰਥ ਹੈ ਜੋ ਸਮੁੱਚੀ ਮਾਨਵਤਾ ਨੂੰ ਜੀਵਨ ਜਾਂਚ ਤੇ ਰੂਹਾਨੀਅਤ ਦੀ ਸੇਧ ਦੇਣ ਦੇ ਸਮਰੱਥ ਹੈ। ਅਸੀਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਬੜੇ ਰਿਣੀ ਹਾਂ, ਜਿਹਨਾਂ ਨੇ 'ਗੁਰੂ ਪ੍ਰਥਾ' ਬੰਦ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ, ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ, ਸਿੱਖ ਜਗਤ ਲਈ ਇਕ ਸਿਧਾਂਤਕ 'ਗਿਆਰਵਾਂ ਗੁਰੂ' ਸੰਪੂਰਨਤਾ ਉਪਰੰਤ ਸਥਾਪਤ ਕਰਕੇ ਅਰਪਣ ਕਰ ਦਿੱਤਾ।

ਅਗਰ ਇਹ ਗੱਲ ਧਿਆਨ ਨਾਲ ਦੇਖੀ ਜਾਵੇ ਤਾਂ ਦੁਨੀਆਂ 'ਚ ਮਾਨਵ-ਬਰਾਬਰੀ, ਏਕਤਾ ਤੇ ਭਾਈਚਾਰਕ ਸਦਭਾਵਨਾ ਦੀ ਸਾਂਝ ਪੈਦਾ ਕਰਨ ਲਈ ਗੁਰਬਾਣੀ ਨੇ ਸਾਨੂੰ 'ਮਾਨਸ ਕੀ ਜਾਤੁ-ਸਭੈ ਏਕੋ ਪਹਿਚਾਨਵੋ' ਦਾ ਸਿਧਾਂਤ ਦਿੱਤਾ ਹੈ। ਜੇਕਰ ਮਾਨਵ ਆਪਣੇ ਮਨ 'ਚ ਇਹ ਗੱਲ ਧਾਰ ਲਏ- 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਤਾਂ ਇਸ ਸੰਸਾਰ 'ਚੋਂ ਸਭ ਵਖਰੇਵੇਂ ਤੇ ਭਰਮ-ਭੁਲੇਖੇ ਮਿਟ ਸਕਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਵਿਚਾਰ, ਉਕਤ ਵਿਚਾਰ ਨਾਲ ਮੇਲ ਖਾਂਦੇ, ਇਸ ਤਰ੍ਹਾਂ ਪ੍ਰਗਟ ਕੀਤੇ ਹਨ- 'ਨਾ ਕੋ ਮੇਰਾ ਦੁਸ਼ਮਨੁ ਰਹਿਆ ਨਾ ਹਮ ਕਿਸੇ ਕੇ ਬੈਰਾਈ।' ਗੁਰਬਾਣੀ ਦੇ ਇਹ ਸਾਰੇ ਸਿਧਾਂਤ ਇਕ ਸਰਬ-ਸਾਂਝੇ ਸੱਭਿਆਚਾਰ ਦੇ ਸੰਕਲਪ ਦੀ ਪੁਸ਼ਟੀ ਕਰਦੇ ਹਨ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਜੀ ਦੇ 'ਗੁਰੂ ਗ੍ਰੰਥ ਸਾਹਿਬ' ਜੀ ਬਾਰੇ ਵਿਚਾਰ ਵੀ ਇਹਨਾਂ ਵਿਚਾਰਾਂ ਦੀ ਪ੍ਰੋੜ੍ਹਤਾ ਇਸ ਤਰ੍ਹਾਂ ਕਰਦੇ ਹਨ- 'ਓਸ ਸਦੀਵੀ ਸੱਚ ਦੀ ਆਵਾਜ਼ ਜਿਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਵੇਦਨਾ ਦੀ ਨਿਰਮਲਤਾ ਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੋਵੇ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਰਾਹ ਖੋਲ੍ਹ ਦੇਣਗੀਆਂ।'

ਉਕਤ ਵਿਚਾਰ-ਚਰਚਾ ਦਾ ਸੰਖੇਪ 'ਚ ਸਾਰ ਇਹੀ ਨਿਕਲਦਾ ਹੈ ਕਿ ਅੱਜ ਦਾ ਸੰਸਾਰ ਬੜੇ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਹੈ। ਸੰਸਾਰ ਦੇ ਹਰ ਦੇਸ਼ ਦਾ ਆਪਣਾ-ਆਪਣਾ ਸੱਭਿਆਚਾਰ ਹੈ। ਉਹਨਾਂ ਦੀ ਆਪਣੀ-ਆਪਣੀ ਤਹਿਜ਼ੀਬ ਹੈ। ਉਹਨਾਂ ਨੂੰ ਸ਼ਾਂਤੀਪੂਰਵਕ ਮਾਹੌਲ 'ਚ ਰਹਿਣ ਲਈ ਭਾਈਚਾਰਕ ਪਿਆਰ ਤੇ ਇਕ ਸਾਂਝਾ ਸੱਭਿਆਚਾਰ ਮਿਲ-ਬੈਠ ਕੇ ਸਿਰਜਣਾ ਪਵੇਗਾ। ਇਕ-ਦੂਜੇ ਦੇ ਸੱਭਿਆਚਾਰ ਤੇ ਇਤਿਹਾਸ, ਧਾਰਮਿਕ ਅਕੀਦਿਆਂ, ਸੱਭਿਆਚਾਰਾਂ ਤੇ ਭਾਸ਼ਾ ਦੇ ਵਖਰੇਵਿਆਂ ਨੂੰ ਇਕ ਜਗ੍ਹਾ ਤੇ ਮਿਲ-ਬੈਠ ਕੇ ਸਮਝਣਾ ਹੋਵੇਗਾ ਤੇ ਇਹਨਾਂ ਵਖਰੇਵਿਆਂ ਦਾ ਸਤਿਕਾਰ ਕਰਨਾ ਹੋਵੇਗਾ। ਇਹ ਸਾਰਾ ਯਤਨ ਸੰਵਾਦ ਪ੍ਰਣਾਲੀ ਨਾਲ ਹੀ ਸੰਭਵ ਹੋ ਸਕਦਾ ਹੈ। ਮੈਂ ਇਹ ਗੱਲ ਬੜੇ ਦ੍ਰਿੜ੍ਹ ਨਿਸ਼ਚੇ ਨਾਲ ਕਹਿ ਸਕਦਾ ਹਾਂ ਕਿ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ, ਇਹਨਾਂ ਸਾਰੇ ਵਖਰੇਵਿਆਂ ਨੂੰ ਦੂਰ ਕਰਨ ਲਈ ਤੇ ਭਾਈਚਾਰਕ ਸਾਂਝ ਪੈਦਾ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹੈ।

ਸਹੀ ਮਾਅਨਿਆਂ 'ਚ 'ਗੁਰੂ ਗ੍ਰੰਥ ਸਾਹਿਬ' ਦੀ ਆਪਣੀ ਮੂਲ ਪ੍ਰਵਿਰਤੀ ਸਦਭਾਵਨਾ ਤੇ ਭਾਈਚਾਰਕ ਸਾਂਝੀਵਾਲਤਾ ਵਾਲੀ ਹੈ। 'ਗੁਰੂ ਗ੍ਰੰਥ ਸਾਹਿਬ' ਦਾ ਦਰਅਸਲ 'ਚ ਆਪਣਾ ਵਿਚਾਰਧਾਰਕ ਖੇਤਰ ਬਹੁਤ ਵਿਸ਼ਾਲ ਹੈ। ਇਸ ਦੇ ਵਿਸ਼ਾਲ ਖੇਤਰ 'ਚ ਕਿਸੇ ਕਿਸਮ ਦੀ ਕੋਈ ਪਾਬੰਦੀ ਤੇ ਕਿਸੇ ਤਰ੍ਹਾਂ ਦੀ ਹੱਦਬੰਦ ਨਹੀਂ ਹੈ। ਇਸ 'ਚ ਮਾਨਵਤਾ ਲਈ ਕਿਸੇ ਕਿਸਮ ਦਾ ਵਖਰੇਵਾਂ ਤੇ ਈਰਖਾ ਨਹੀਂ ਹੈ। ਬਾਣੀ ਵਿਚਾਰ ਯੁਕਤ ਤੇ ਸਿਧਾਂਤਕ ਹੈ ਤੇ ਇਸ ਦੇ ਵਿਸ਼ਲੇਸ਼ਣ 'ਚੋਂ ਸਰਵ-ਸਾਂਝੀਵਾਲਤਾ, ਭਾਈਚਾਰਕ ਪਿਆਰ ਤੇ ਇਕ ਅੰਤਰ ਰਾਸ਼ਟਰੀ ਪੱਧਰ ਦੇ ਸਭਿਆਚਾਰ ਦੀ ਸਿਰਜਣਾ ਦੇ ਸੰਕਲਪ ਦਾ ਆਧਾਰ, ਇਕ ਆਈਨੇ 'ਚ ਦਿਸਦੇ ਸਪਸ਼ਟ ਚਿਹਰੇ ਦੀ ਤਰ੍ਹਾਂ ਪ੍ਰਤੀਬਿੰਬਤ ਹੁੰਦਾ ਬੜੇ ਸਪਸ਼ਟ ਰੂਪ 'ਚ ਨਜ਼ਰ ਆਉਂਦਾ ਹੈ।

'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਦੀ ਇਕ ਬੁਨਿਆਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਕਿਸੇ ਵੀ ਮਾਨਵ ਨਾਲ ਜਾਤ, ਲਿੰਗ, ਭਾਸ਼ਾ, ਰੰਗ-ਭੇਦ ਤੇ ਧਰਮ ਦੇ ਆਧਾਰ 'ਤੇ ਵਿਤਕਰਾ ਨਹੀਂ ਕਰਦੀ, ਸਗੋਂ ਮਾਨਵ ਸਮਾਜਿਕ-ਬਰਾਬਰੀ ਵਾਲੇ ਭਾਈਚਾਰੇ ਦੀ ਗੱਲ ਕਰਦੀ ਹੈ। ਗੁਰਬਾਣੀ ਦਾ ਸਿਧਾਂਤ- 'ਸਰਬੱਤ ਦੇ ਭਲੇ' ਦੀ ਗੱਲ ਸਿਰਫ਼ ਕਿਸੇ ਵਿਸ਼ੇਸ਼ ਵਰਗ ਜਾਂ ਕਿਸੇ ਖਾਸ ਕੌਮ ਦੀ ਨਹੀਂ ਕਰਦਾ, ਸਗੋਂ ਇਹ ਵੀ ਕਹਿੰਦਾ ਹੈ ਕਿ 'ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ' ਕਹਿ ਕੇ ਅੰਤਰ ਰਾਸ਼ਟਰੀ ਪੱਧਰ ਦੇ ਮਾਨਵਵਾਦ ਦੀ ਗੱਲ ਕਰਦਾ ਹੈ। ਬਾਣੀ 'ਚ ਧਰਮ ਦੇ ਅਰਥਾਂ ਨੂੰ ਇਕ ਖੁੱਲ੍ਹੇ ਆਸਮਾਨ ਦੀ ਵਿਸ਼ਾਲਤਾ ਵਾਂਗ ਬਿਆਨਿਆ ਗਿਆ ਹੈ। ਬਾਣੀ ਦੀ ਪ੍ਰਵਿਰਤੀ, ਇਕ ਆਤਮਕ, ਰੂਹਾਨੀ ਤੇ ਸਦਾਚਾਰਕ ਵਿਰਤੀ ਵਾਲੀ ਹੈ, ਜਿਹੜੀ ਸ਼ਾਹ ਹੁਸੈਨ ਦੇ ਵਿਚਾਰਾਂ ਅਨੁਸਾਰ- 'ਅਮਲਾਂ ਉਤੇ ਹੋਊ ਨਬੇੜਾ, ਕਿਆ ਸੂਫੀ ਕਿਆ ਭੰਗੀ' ਤੇ ਗੁਰੂ ਨਾਨਕ ਸਾਹਿਬ ਜੀ ਦੇ ਸ੍ਰੀ ਰਾਗ 'ਚ ਉਚਾਰੇ ਬਚਨ- 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ' ਅਨੁਸਾਰ ਹੈ। ਇਹ ਅਮਲੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਗੁਰਬਾਣੀ ਦਾ ਸਾਰਾ ਜ਼ੋਰ ਆਚਾਰ ਦੀ ਸੱਚਤਾ ਤੇ ਸੁੱਚਤਾ 'ਤੇ ਹੈ। ਸਮੁੱਚੇ ਤੌਰ 'ਤੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਬਾਣੀ ਮਨੁੱਖਤਾ 'ਚ ਪਾਏ ਗਏ ਭੇਦਾਂ ਤੋਂ ਨਿਰਲੇਪ ਹੈ, ਮਨੁੱਖਤਾ ਦੀ ਸਰਬ-ਸਾਂਝੀ ਵਿਰਾਸਤ ਹੈ, ਜੋ 'ਮਾਨਵਵਾਦ' ਦੀ ਗੱਲ ਕਰਦੀ ਹੈ, ਇਸ ਦੀ ਵਿਚਾਰਧਾਰਾ 'ਰਾਸ਼ਟਰੀ ਪੱਧਰ' ਤੋਂ ਉਪਰ ਉਠ ਕੇ 'ਸਰਬੱਤ ਦੇ ਭਲੇ' ਦੀ ਗੱਲ ਕਰਕੇ 'ਅੰਤਰ ਰਾਸ਼ਟਰਵਾਦੀ ਮਾਨਵਤਾ' ਦੇ ਭਲੇ ਦੀ ਗੱਲ ਕਰਦੀ ਹੈ। ਅੱਜ ਦੇ ਸਮਾਜਵਾਦੀ-ਪਦਾਰਥਵਾਦੀ ਤੇ ਹਉਮੈ 'ਚ ਗ੍ਰਸਤ ਸਮਾਜ ਦੇ ਯੁੱਗ 'ਚ, ਜਦੋਂ ਹਰ ਪਾਸੇ ਰੂਹਾਨੀਅਤ ਦੇ ਨਾਂ ਨੂੰ ਲੈ ਕੇ ਤੇ ਧਰਮਾਂ 'ਚ ਅਸਹਿਣਸ਼ੀਲਤਾ ਦੇ ਭੁਲੇਖਾ ਪਾਊ ਅਰਥ ਕੱਢੇ ਜਾ ਰਹੇ ਹਨ। ਮਨੁੱਖ 'ਚ ਪਦਾਰਥਵਾਦੀ ਵਧੀ ਪ੍ਰਵਿਰਤੀ ਕਾਰਨ, ਹਰ ਮਨੁੱਖ ਹਉਮੈ 'ਚ ਗਲ ਕਰਦਾ ਹੈ ਤੇ ਇਸ ਨਾਲ ਭਾਰਤ 'ਚ ਅਣਸੁਖਾਵਾਂ ਮਾਹੌਲ ਉੱਸਰ ਰਿਹਾ ਹੈ ਤੇ ਚਾਰ ਚੁਫੇਰੇ ਅਸ਼ਾਂਤੀ ਫੈਲ ਰਹੀ ਹੈ। ਅਜਿਹੇ ਮੌਕੇ 'ਤੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰ ਸਕਦੀ ਹੈ।

'ਗੁਰੂ ਗ੍ਰੰਥ ਸਾਹਿਬ' ਅਧਿਆਤਮਵਾਦ ਦਾ ਵਿਸ਼ਾ ਹੈ ਤੇ ਇਸ 'ਚੋਂ ਗੂੜ੍ਹ-ਗਿਆਨ ਪ੍ਰਾਪਤ ਕਰਨਾ ਬੜਾ ਕਠਿਨ ਹੈ। ਗੁਰੂ ਨਾਨਕ ਦੇਵ ਜੀ ਨੇ ਗਿਆਨ ਨੂੰ ਹੀ 'ਗੁਰੂ' ਕਿਹਾ ਹੈ। ਇਹ ਇਕ ਟਕਸਾਲੀ ਸਚਾਈ ਹੈ ਕਿ ਇਕ ਪ੍ਰਚੰਡ ਗਿਆਨੀ ਹੋਣ ਨਾਲ ਹੀ, ਸ੍ਰਿਸ਼ਟੀ ਦੀ ਰਚਨਾ ਨੂੰ ਸਮਝਿਆ ਜਾ ਸਕਦਾ ਹੈ ਤੇ ਮਨੁੱਖ ਆਪਣੇ ਭਰਮ-ਭੁਲੇਖੇ ਦੂਰ ਕਰ ਸਕਦਾ ਹੈ ਪ੍ਰੰਤੂ ਜ਼ਿਆਦਾਤਰ ਸੌੜੀਆਂ ਧਾਰਮਿਕ ਪ੍ਰਵਿਰਤੀਆਂ ਵਾਲੇ ਲੋਕ, ਗਿਆਨਵਾਨ ਹੋਣ ਦੀ ਪ੍ਰਵਿਰਤੀ ਨੂੰ ਆਪਣੇ ਲੜ ਹੀ ਨਹੀਂ ਬੰਨ੍ਹਦੇ।'ਗੁਰੂ ਗ੍ਰੰਥ ਸਾਹਿਬ' ਦੀ ਪ੍ਰਵਿਰਤੀ ਹੈ ਕਿ ਉਹ ਸਮੁੱਚੀ ਮਾਨਵਤਾ ਦੇ ਚਰਿੱਤਰ ਦੀ ਸਰਬਪੱਖੀ ਉਸਾਰੀ ਕਰਨ ਲਈ, ਉਸ ਨੂੰ ਆਪਣੇ ਕਲਾਵੇ 'ਚ ਲੈਣ ਦੇ ਸਮਰੱਥ ਹੈ ਪਰ ਜ਼ਿਆਦਾਤਰ ਬ੍ਰਾਹਮਣਵਾਦੀ ਸਰਬਪੱਖੀ ਉਸਾਰੀ ਕਰਨ ਲਈ, ਉਸ ਨੂੰ ਆਪਣੇ ਕਲਾਵੇ 'ਚ ਲੈਣ ਦੇ ਸਮਰੱਥ ਹੈ ਪਰ ਜ਼ਿਆਦਾਤਰ ਬ੍ਰਾਹਮਣਵਾਦੀ ਕਰਮਕਾਂਡਾਂ ਤੇ ਡੇਰਾਵਾਦ ਦੇ ਸ਼ਿਕਾਰ ਹੋਏ ਲੋਕ 'ਗੁਰੂ ਗ੍ਰੰਥ ਸਾਹਿਬ' ਨੂੰ ਪੜ੍ਹ ਕੇ ਜਾਂ ਉਸ ਦਾ ਅਧਿਐਨ ਕਰਕੇ ਗਿਆਨਵਾਨ ਹੋਣ ਦੀ ਬਜਾਏ, ਪਾਠ ਕਰਨ, ਅਖੰਡ ਪਾਠ ਕਰਵਾਉਣ, ਤਸਵੀਰ ਜਾਂ ਮੂਰਤੀ ਪੂਜਾ ਕਰਨ, ਮੱਥੇ ਰਗੜਦੇ ਹੋਏ ਹੱਥ ਜੋੜ ਕੇ ਮੰਨਤਾਂ ਮੰਨਣ, ਡੰਡੌਤ ਕਰਨ ਜਾਂ 'ਗੁਰੂ ਗ੍ਰੰਥ ਸਾਹਿਬ' ਦੀ ਬ੍ਰਾਹਮਣਵਾਦੀ ਕਰਮਕਾਂਡਾਂ ਨਾਲ ਤੂਫ-ਬੱਤੀ ਜਗਾ ਕੇ ਪੂਜਾ ਕਰਨ ਦੇ ਤਰੀਕੇ ਨਾਲ ਹੀ ਸਭ ਕੁਝ ਪ੍ਰਾਪਤ ਕਰ ਲੈਣਾ ਚਾਹੁੰਦੇ ਹਨ। ਇਸ ਤੋਂ ਉਪਰੰਤ ਕਥਾਵਾਚਕ ਜਾਂ ਪ੍ਰਚਾਰਕ ਗੁਰੂ ਸਾਹਿਬਾਨ ਦੇ ਜੀਵਨ ਨਾਲ ਮਿਥਿਹਾਸਕ, ਕਾਲਪਨਿਕ ਤੇ ਚਮਤਕਾਰੀ ਕਹਾਣੀਆਂ ਸੁਣਾ ਕੇ ਇਹ ਦੱਸਦੇ ਹਨ ਕਿ ਸਾਡੇ ਧਾਰਮਿਕ ਰਹਿਬਰਾਂ ਪਾਸ ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਹਨ, ਉਹ ਸੰਸਾਰ 'ਚ ਸਭ ਕੁਝ ਕਰ ਸਕਦੇ ਸਨ। ਪਰ ਇਹ ਅਗਿਆਨੀ ਲੋਕ ਗੁਰਬਾਣੀ ਦੇ ਸਿਧਾਂਤਾਂ – 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵਿਚਾਰ' 'ਤੇ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦਿਦਾਰ ਖ਼ਾਲਸੇ ਕਾ' ਦੇ ਡੂੰਘੇ ਅਰਥਾਂ ਤੋਂ ਕੋਰੇ ਜਾਪਦੇ ਹਨ। ਗੁਰਬਾਣੀ (ਗੁਰਮਤਿ) ਤੇ ਇਸਲਾਮ ਧਰਮ 'ਚ ਅਜਿਹੇ ਭਰਮਾਂ-ਵਹਿਮਾਂ, ਕਰਮਕਾਂਡਾਂ ਤੇ ਪੂਜਾ ਕਰਨ ਲਈ ਕੋਈ ਜਗ੍ਹਾ ਨਹੀਂ ਹੈ। ਗੁਰਬਾਣੀ ਇਸ ਦੀ ਘੋਰ ਨਿੰਦਾ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਦੇ 'ਕਿਰਤ' ਕਰਨ ਦੇ ਸੱਚੇ-ਸੁੱਚੇ ਵਿਗਿਆਨਕ ਸਿਧਾਂਤ ਨੂੰ ਅਪਣਾ ਕੇ, ਦੁਨੀਆਂ ਦੀ ਹਰ ਵਸਤ ਤੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਬਾਣੀ ਮਾਨਵਤਾ ਦੇ ਸਰਬ-ਪੱਖੀ ਵਿਕਾਸ ਕਰਨ ਲਈ, ਪੂਰੀ ਤਰ੍ਹਾਂ ਸਮਰੱਥਾ ਰੱਖਦੀ ਹੈ।

# ਬਾਈਬਲ ਵਿਚ ਇਸ ਸ਼ਹਿਰ ਨੂੰ ਦੱਸਿਆ ਗਿਆ ਹੈ ਦੁਨੀਆਂ ਦਾ ਤਾਕਤਵਰ ਸ਼ਹਿਰ

ਤੁਰਕੀ ਵਿਚ ਇਕ ਅਜਿਹੀ ਜਗ੍ਹਾ ਹੈ, ਜਿੱਥੇ ਬਹੁਤ ਘੱਟ ਸੈਲਾਨੀ ਪਹੁੰਚਦੇ ਹਨ, ਪਰ ਉਹ ਜਗ੍ਹਾ ਬਹੁਤ ਮਹ-ਤਵਪੂਰਨ ਹੈ। ਇਸ ਜਗ੍ਹਾ ਦਾ ਵਰਣਨ ਬਾਈਬਲ ਵਿਚ ਕਈ ਵਾਰ ਹੋਇਆ ਹੈ। ਇਹ ਜਗ੍ਹਾ ਬੋਗਜਕਾਲੇ ਸ਼ਹਿਰ ਦੇ ਨੇੜੇ ਹੈ, ਜਿੱਥੇ ਪ੍ਰਾਚੀਨ ਹਤੂਸਾ ਸ਼ਹਿਰ ਦੇ ਖੰਡਰ ਹਨ। ਇਹ ਸ਼ਹਿਰ ਕਦੀ ਹਿਤਿਤੇ ਸਾਮਰਾਜ ਦੀ ਰਾਜਧਾਨੀ ਹੋਇਆ ਕਰਦਾ ਸੀ।

ਕਾਂਸੀ ਯੁੱਗ ਦੇ ਆਖਰੀ ਦੌਰ ਵਿਚ ਹਿਤਿਤੇ ਸਮਰਾਜ ਪੱਛਮੀ ਏਸ਼ੀਆ ਤੋਂ ਗ੍ਰੀਸ ਤੱਕ ਫੈਲਿਆ ਸੀ। ਬਾਈਬਲ ਵਿਚ ਅਨੇਕਾਂ ਜਗ੍ਹਾ ਹਿਤਿਤੇ ਦਾ ਵਰਣਨ ਪ੍ਰਾਚੀਨ ਵਕਤ ਦੇ ਸਭ ਤੋਂ ਤਾਕਤਵਰ ਸਾਮਰਾਜਾਂ ਵਿਚੋਂ ਇਕ ਦੇ ਰੂਪ ਵਿਚ ਹੋਇਆ ਹੈ। ਇਹ ਪ੍ਰਾਚੀਨ ਮਿਸਰ ਦੀ ਮਹਾਨ ਸਭਿਅਤਾ ਦੀ ਬਰਾਬਰੀ ਦਾ ਸੀ। ਮਿਸਰ ਅਤੇ ਹਿਤਿਤੇ ਦੇ ਯੁੱਧ ਵਿਚ ਹਿਤਿਤੇ ਭਾਰੀ ਪੈਣ ਲੱਗਿਆ ਸੀ ਅਤੇ ਮਿਸਰ ਦੇ ਫਰਾਓ (ਰਾਜਾ) ਰਾਮਸੇਸ ਨੂੰ ਵਾਪਸ ਮਿਸਰ ਭੱਜਣਾ ਪਿਆ ਸੀ। ਈਸਾ ਤੋਂ 13ਸਦੀ ਪਹਿਲਾਂ ਹੋਇਆ ਇਹ ਯੁੱਧ ਬੈਟਲ ਆਫ ਕਾਦੇਸ਼ ਕਹਾਉਂਦਾ ਹੈ। ਬਾਅਦ ਵਿਚ ਦੋਵੇਂ ਸਾਮਰਾਜਾਂ ਦੀ ਸੰਧੀ ਹੋਈ ਅਤੇ ਰਾਮਸੇਸ ਨੇ ਹਿਤਿਤੇ ਦੀ ਇਕ ਰਾਜਕੁਮਾਰੀ ਨਾਲ ਵਿਆਹ ਵੀ ਕੀਤਾ ਸੀ। ਇਸ ਸਾਮਰਾਜ ਦੀਆਂ ਕਈ ਮਹਾਨ ਉਪਲਬਧੀਆਂ ਹਨ ਪਰ ਇਤਿਹਾਸ ਦੀ ਮਾਡਰਨ ਕਿਤਾਬਾਂ



ਵਿਚ ਇਸਨੂੰ ਠੀਕ ਜਗ੍ਹਾ ਨਾਲ ਜਗ੍ਹਾ ਨਹੀਂ ਦਿੱਤੀ ਗਈ ਹੈ। ਹਿਤਿਤੇ ਸਾਮਰਾਜ ਦੇ ਲੋਕਾਂ ਨੇ ਉਸ ਸਮੇਂ ਦੁਨੀਆਂ ਦਾ ਸਭ ਤੋਂ ਹਲਕਾ ਅਤੇ ਸਭ ਤੋਂ ਤੇਜ ਭੱਜਣ ਵਾਲਾ ਰੱਥ ਬਣਾਇਆ ਸੀ। ਇਹ ਕਾਂਸੀ ਯੁੱਗ ਸੀ ਅਤੇ ਹਾਲੇ ਲੋਹਾ ਯੁੱਗ ਨਹੀਂ ਆਇਆ ਸੀ, ਫਿਰ ਵੀ ਉਹਨਾਂ ਦੇ ਕੋਲ ਲੋਹੇ ਦੇ ਕਈ ਔਜ਼ਾਰ ਸਨ। ਇਸ ਦੇ ਬਾਵਜੂਦ 20ਵੀਂ ਸਦੀ ਦੀ ਸ਼ੁਰੂਆਤ ਤੱਕ ਹਿਤਿਤੇ ਸਾਮਰਾਜ ਦੇ ਬਾਰੇ ਜਾਣਕਾਰੀਆਂ ਨੂੰ ਕੇਵਲ



ਸੁਣੀਆਂ-ਸੁਣਾਈਆਂ ਗੱਲਾਂ ਮੰਨਿਆ ਜਾਂਦਾ ਸੀ, ਕਿਉਂਕਿ ਇਸ ਸਬੰਧ ਵਿਚ ਕੋਈ ਸਬੂਤ ਨਹੀਂ ਸੀ ਪਰ ਫਿਰ ਹਤੂਸਾ ਸ਼ਹਿਰ ਦੇ ਖੰਡਰ ਮਿਲਣ ਤੋਂ ਬਾਅਦ ਤਸਵੀਰ ਬਦਲ ਗਈ। ਇੱਥੇ ਸੈਂਕੜਿਆਂ ਦੀ ਗਿਣਤੀ ਵਿਚ ਮਿੱਟੀ ਵਿਚ ਅੰਕਿਤ ਲੇਖ ਮਿਲੇ ਹਨ, ਜਿਹਨਾਂ ਵਿਚ ਇਸ ਸਮਾਰਾਜ ਦੇ ਡਿਪਲੋਮੈਟਿਕ ਫੈਸਲਿਆਂ ਬਾਰੇ ਜਾਣਕਾਰੀ ਹੈ। ਇਹਨਾਂ ਵਿਚ ਮਿਸਰ ਦੇ ਨਾਲ ਇਸ ਸਾਮਰਾਜ ਦੀ ਮਹੱਤਵਪੂਰਨ ਸੰਧੀ ਵਾਲਾ ਲੇਖ ਵੀ ਹੈ।

ਇਹ ਜਗ੍ਹਾ ਈਸਾ ਤੋਂ 2000 ਸਾਲ ਪਹਿਲਾਂ ਰਾਜਧਾਨੀ ਬਣਾਈ ਗਈ ਸੀ। ਆਪਣੇ ਚੰਗੇ ਸਮੇਂ ਵਿਚ ਇਹ ਸ਼ਹਿਰ ਚਾਰੇ ਪਾਸਿਉਂ 8 ਕਿਲੋਮੀਟਰ ਲੰਮੀ ਦੀਵਾਰ ਨਾਲ ਘਿਰਿਆ ਸੀ। ਇਸ ਦੀਵਾਰ ਦੇ ਖੰਡਰ ਹੁਣ ਵੀ ਬਚੇ ਹਨ। ਉਪਰ ਦੀ ਤਸਵੀਰ ਵਿਚ ਇਯ ਦੀਵਾਰ ਦੇ ਇਕ ਹਿੱਸੇ ਨੂੰ ਫਿਰ ਤੋਂ ਬਣਾਇਆ ਗਿਆ ਹੈ। ਇਨਰ ਸਿਟੀ ਵਿਚ ਰਾਜਮਹਿਲ, ਪ੍ਰਸ਼ਾਸਨਿਕ ਭਵਨ ਅਤੇ ਮੰਦਰ ਸਨ। ਆਊਟਰ ਸਿਟੀ ਵਿਚ ਕਈ ਦੁਆਰ ਸਨ, ਜਿਹਨਾਂ ਨੂੰ ਯੋਧਾ, ਸਿੰਘ, ਰਿਫੰਕਸ ਆਦਿ ਦੀਆਂ ਆਕ੍ਰਿਤੀਆਂ ਨਾਲ ਸਜਾਇਆ ਗਿਆ ਸੀ। ਹਿਤਿਤੇ ਸਾਮਰਾਜ ਦੀ ਰਾਜਧਾਨੀ ਹੋਣ ਦੇ ਕਾਰਨ ਇਹ ਦੁਨੀਆਂ ਦੇ ਸਭ ਤੋਂ ਤਾਕਤਵਰ ਸ਼ਹਿਰਾਂ ਵਿਚੋਂ ਇਕ ਗਿਣਿਆ ਜਾਂਦਾ ਸੀ। ਮੰਨਿਆ ਜਾਂਦਾ ਹੈ ਕਿ ਉਹਨਾਂ ਦਿਨਾਂ ਵਿਚ ਇੱਥੇ 40 ਤੋਂ 50 ਹਜ਼ਾਰ ਲੋਕ ਰਿਹਾ ਕਰਦੇ ਸਨ।

# ਕੀ ਵਰਣਿਕਾ ਨੂੰ ਆਪਣੀ ਗੱਲ ਕਹਿਣ ਦਾ ਹੱਕ ਨਹੀਂ?



ਰਵੀਸ਼ ਕੁਮਾਰ

ਜਦੋਂ ਵੋਟਰਾਂ ਦਾ ਪਾਰਟੀਕਰਨ ਹੋ ਜਾਂਦਾ ਹੈ ਤਾਂ ਸਿਆਸਤ ਬੀਮਾਰ ਹੋ ਜਾਂਦੀ ਹੈ। ਹਾਲ ਹੀ ਦੇ ਸਾਲਾਂ 'ਚ ਵੋਟਰਾਂ ਦਾ ਤੇਜ਼ੀ ਨਾਲ ਪਾਰਟੀਕਰਨ ਹੋਇਆ ਹੈ ਤੇ ਵੋਟਰਾਂ ਨੇ ਆਪਣੇ ਆਪ ਨੂੰ ਇੱਕ ਪਾਰਟੀ ਦੀ ਸੋਚ ਵਿੱਚ ਮਿਲਾ ਲਿਆ ਹੈ। ਕਿਸੇ ਵੀ ਪਾਰਟੀ ਲਈ ਇਹ ਬਹੁਤ ਚੰਗੀ ਪ੍ਰਾਪਤੀ ਹੈ, ਪਰ ਲੋਕਤੰਤਰ ਦੇ ਖਾਤੇ ਵਿੱਚ ਇਹ ਸਭ ਤੋਂ ਵੱਡਾ ਨੁਕਸਾਨ ਹੈ।

ਲੋਕਤੰਤਰ 'ਚ ਲੋਕਾਂ ਦੀ ਮੌਜੂਦਗੀ ਬੇਹੱਦ ਜ਼ਰੂਰੀ ਹੈ। ਜਦੋਂ ਤੱਕ ਲੋਕ ਰਹਿੰਦੇ ਹਨ, ਉਦੋਂ ਤੱਕ ਸੱਤਾ ਧਿਰ ਅਤੇ ਵਿਰੋਧੀ ਧਿਰ 'ਤੇ ਦਬਾਅ ਰਹਿੰਦਾ ਹੈ, ਪਰ ਜਦੋਂ ਲੋਕ ਕਿਸੇ ਪਾਰਟੀ ਜਾਂ ਵਿਚਾਰਧਾਰਾ ਨਾਲ ਜੁੜ ਜਾਂਦੇ ਹਨ ਤਾਂ ਉਨ੍ਹਾਂ ਦੀ ਮੌਜੂਦਗੀ ਕਮਜ਼ੋਰ ਪੈਣ ਲੱਗਦੀ ਹੈ। ਲੋਕ ਖੁਦ ਨੂੰ ਸਰਕਾਰ ਤੋਂ ਅੱਡ ਕਰਨ ਦੀ ਬਜਾਏ ਹਰ ਸਹੀ ਗਲਤ ਚੀਜ਼ ਨੂੰ ਇੱਕ ਹੀ ਨਜ਼ਰ ਨਾਲ ਦੇਖਣ ਲੱਗਦੇ ਹਨ ਅਤੇ ਭੁੱਲ ਜਾਂਦੇ ਹਨ ਕਿ ਲੋਕਤੰਤਰ ਵਿੱਚ ਉਨ੍ਹਾਂ ਦੀ ਕੀਮਤ ਉਦੋਂ ਤੱਕ ਹੈ, ਜਦੋਂ ਤੱਕ ਉਹ 'ਲੋਕ' ਹਨ। ਇਹ ਹੈਸੀਅਤ ਗੁਆਉਣ ਤੋਂ ਬਾਅਦ ਸਰਕਾਰ ਨਿਡਰ ਹੋ ਜਾਂਦੀ ਹੈ।

ਚੰਡੀਗੜ੍ਹ ਦੀ ਵਰਣਿਕਾ ਕੁੰਡੂ ਦੇ ਮਾਮਲੇ ਤੋਂ ਬਾਅਦ ਜਿਸ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਆ ਰਹੀਆਂ ਹਨ, ਉਨ੍ਹਾਂ ਤੋਂ ਇਹੋ ਪਤਾ ਲੱਗਦਾ ਹੈ ਕਿ ਲੋਕਾਂ ਨੇ ਵੱਡੀ ਗਿਣਤੀ ਵਿੱਚ ਆਪਣੀ ਹੈਸੀਅਤ ਗੁਆ ਲਈ ਹੈ ਅਤੇ ਉਹ ਹੁਣ ਹਰ ਹਾਲਤ ਸਰਕਾਰ ਨਾਲ ਰਹਿਣਾ ਚਾਹੁੰਦੇ ਹਨ। ਇਹੋ ਵਜ੍ਹਾ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਵਰਣਿਕਾ ਦੀਆਂ ਗੱਲਾਂ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਪਿੱਛੇ ਇੱਕ ਹੀ ਦਲੀਲ ਹੈ ਕਿ ਇੱਕ ਹੱਦ ਤੋਂ ਜ਼ਿਆਦਾ ਭਾਜਪਾ ਸਰਕਾਰ ਦੀ ਆਲੋਚਨਾ ਕਿਵੇਂ ਕਰ ਦਿੱਤੀ, ਥਾਣੇ 'ਚ ਸ਼ਿਕਾਇਤ ਕਰ ਕੇ ਘਰ ਚਲੇ ਜਾਣਾ ਚਾਹੀਦਾ ਸੀ?

ਉਹ ਆਈ ਏ ਐੱਸ ਅਫਸਰ ਦੀ ਧੀ ਨਾ ਹੁੰਦੀ ਤਾਂ ਮੀਡੀਆ ਨੇ ਵੀ ਕਿੱਥੇ ਧਿਆਨ ਦੇਣਾ ਸੀ। ਇਨ੍ਹਾਂ ਦਲੀਲਾਂ ਤੋਂ ਲੱਗ ਸਕਦਾ ਹੈ ਕਿ ਮੀਡੀਆ ਨੇ ਸਰਕਾਰ ਵਿਰੁੱਧ ਕੋਈ ਮੋਰਚਾ ਖੋਲ੍ਹਿਆ ਹੋਵੇ, ਪਰ ਇਹ ਸਹੀ ਨਹੀਂ। ਇਲੈਕਟ੍ਰਾਨਿਕ ਮੀਡੀਆ ਨੇ ਇਹ ਮਾਮਲਾ ਸਰਕਾਰ ਵਿਰੋਧੀ ਕੋਟੇ ਦੇ ਤਹਿਤ ਨਹੀਂ ਉਠਾਇਆ, ਸਗੋਂ ਲੋਕਾਂ ਦੇ ਕੋਟੇ ਵਿੱਚੋਂ ਉਠਾਇਆ ਹੈ ਕਿਉਂਕਿ ਉਸ ਨੇ ਆਪਣੇ ਦਰਸ਼ਕਾਂ ਦਰਮਿਆਨ ਰਹਿਣਾ ਹੈ, ਇਸ ਲਈ ਅਜਿਹੇ ਮੌਕੇ 'ਤੇ ਮੀਡੀਆ ਸਮਾਜ ਤੇ ਵਿਵਸਥਾ ਦਾ ਪਹਿਰੇਦਾਰ ਬਣ ਜਾਂਦਾ ਹੈ।

ਵਰਣਿਕਾ ਵਿਰੁੱਧ ਸੋਸ਼ਲ ਮੀਡੀਆ 'ਚ ਜੋ ਮੁਹਿੰਮ ਚੱਲ ਰਹੀ ਹੈ, ਉਸ ਦਾ ਅਧਿਐਨ ਕਰਨ 'ਤੇ ਇੱਕ ਗੱਲ ਸਾਫ ਹੋ ਜਾਂਦੀ ਹੈ ਕਿ ਸਮਾਜ ਦੋ ਹਿੱਸਿਆਂ 'ਚ ਵੰਡਿਆ ਹੋਇਆ ਹੈ ਤੇ ਦੋਵਾਂ ਹੀ ਹਿੱਸਿਆਂ ਵਿੱਚ ਸਿਆਸਤ ਦਾ ਤੱਤ ਹੈ, ਪਰ ਜੋ ਲੋਕ ਦੋਸ਼ੀ ਦੇ ਨਾਲ ਹਨ, ਉਹ ਸਿਰਫ ਸਿਆਸੀ ਕਾਰਨਾਂ ਕਰ ਕੇ ਖੜ੍ਹੇ ਹਨ। ਵਿਸ਼ੇਸ਼ ਅਧਿਕਾਰ ਪ੍ਰਾਪਤ ਇੱਕ ਲੜਕੀ ਨਾਲ ਜਦੋਂ ਤਾਕਤਵਰ ਲੋਕ ਅਜਿਹਾ ਵਰਤਾਓ ਕਰ ਸਕਦੇ ਹਨ ਤਾਂ ਤੁਸੀਂ ਸਮਝ ਸਕਦੇ ਹੋ ਕਿ ਕਿਸੇ ਸਾਧਾਰਨ ਲੜਕੀ ਨਾਲ ਇਹ ਕਿਹੋ ਜਿਹਾ ਸਲੂਕ ਕਰਦੇ ਹੋਣਗੇ? ਦਲੀਲ ਘੜੀ ਜਾ ਰਹੀ ਹੈ ਕਿ ਮੀਡੀਆ ਇਸ ਕੇਸ ਨੂੰ ਇਸ ਲਈ ਉਛਾਲ ਰਿਹਾ ਹੈ ਕਿਉਂਕਿ ਵਰਣਿਕਾ ਇੱਕ ਆਈ ਏ ਐੱਸ ਅਫਸਰ ਦੀ ਧੀ ਹੈ। ਕੀ ਆਈ ਏ ਐੱਸ ਦੀ ਧੀ ਹੋਣ ਦੇ ਨਾਤੇ ਵਰਣਿਕਾ ਨੂੰ ਆਪਣੀ ਗੱਲ ਕਹਿਣ ਦਾ ਹੱਕ ਨਹੀਂ? ਉਸ ਦੇ ਪਿਤਾ ਨੇ ਤਾਂ ਕਿਹਾ ਹੈ ਕਿ "ਜਦ ਸਾਡੇ ਵਰਗੇ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਦੀ ਇਹ ਹਾਲਤ ਹੈ ਅਤੇ ਅਸੀਂ ਨਹੀਂ ਬੋਲਾਂਗੇ ਤਾਂ ਹੋਰ ਕੌਣ ਬੋਲੇਗਾ?"



ਆਈ ਏ ਐੱਸ ਅਫਸਰ ਦੀ ਧੀ ਦੇ ਕੇਸ ਦੀ ਕਵਰੇਜ ਬਾਰੇ ਦੋਸ਼ੀ ਦੇ ਸਮਰਥਕਾਂ ਨੂੰ ਦਿੱਕਤ ਹੈ, ਪਰ ਇਸੇ ਤਬਕੇ ਨੂੰ ਸਰਕਾਰਾਂ ਦੀ ਗੋਦ 'ਚ ਬੈਠੇ ਮੀਡੀਆ ਤੋਂ ਕੋਈ ਪ੍ਰੇਸ਼ਾਨੀ ਨਹੀਂ। ਦਿੱਕਤ ਉਦੋਂ ਹੁੰਦੀ ਹੈ, ਜਦੋਂ ਇਸ ਖੇਡ ਵਿੱਚ ਉਨ੍ਹਾਂ ਦੀ ਸਿਆਸੀ ਵਫਾਦਾਰੀ ਨੂੰ ਠੇਸ ਲੱਗਦੀ ਹੈ। ਉਹ ਆਪਣੀ ਵਫਾਦਾਰੀ ਵਿਰੁੱਧ ਜਾਣ ਦੀ ਤਕਲੀਫ ਤੋਂ ਬਚਣ ਲਈ ਇਹ ਸਭ ਦਲੀਲਾਂ ਘੜ ਰਹੇ ਹਨ। ਇਸ ਵਿੱਚ ਬਿਲਕੁਲ ਦੋ ਰਾਵਾਂ ਨਹੀਂ ਕਿ ਆਮ ਲੜਕੀਆਂ ਨਾਲ ਅਜਿਹਾ ਹੁੰਦਾ ਹੈ ਤੇ ਮੀਡੀਆ ਕਵਰੇਜ ਨਹੀਂ ਕਰਦਾ। ਕਿਉਂ ਨਹੀਂ ਕਰਦਾ? ਕਿਉਂਕਿ ਉਦੋਂ ਉਹ ਸਰਕਾਰਾਂ ਦਾ ਗੁਣਗਾਨ ਕਰ ਰਿਹਾ ਹੁੰਦਾ ਹੈ, ਫਿਰ ਵੀ ਜੇ ਵਰਣਿਕਾ ਦੇ ਕੇਸ ਵਿੱਚ ਇਹ ਦਲੀਲ ਸਹੀ ਹੈ ਤਾਂ ਸਵਾਲ ਉਸ ਸਰਕਾਰ ਤੋਂ ਪੁੱਛਿਆ ਜਾਵੇ, ਜਿਸ ਦੇ ਬਚਾਅ ਵਿੱਚ ਊਲ-ਜਲੂਲ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਕੀ ਉਸ ਸਰਕਾਰ ਦਾ ਸਿਸਟਮ ਵਾਕਈ ਅਜਿਹਾ ਹੈ ਕਿ ਇੱਕ ਆਮ ਲੜਕੀ ਨਾਲ ਅਜਿਹੀ ਘਟਨਾ ਹੋਣ 'ਤੇ ਕੋਈ ਸੁਣਵਾਈ ਨਹੀਂ ਹੁੰਦੀ, ਪੁਲਸ ਸਰਗਰਮੀ ਨਹੀਂ ਦਿਖਾਉਂਦੀ? ਜੇ ਅਜਿਹਾ ਹੈ ਤਾਂ ਅਸੀਂ ਕਿਸੇ ਦਾ ਵੀ ਬਚਾਅ ਕਿਉਂ ਕਰ ਰਹੇ ਹੋ? ਕਿਤੇ ਇਸ ਲਈ ਤਾਂ ਨਹੀਂ ਕਿ ਲੋਕਾਂ ਦਾ ਪਾਰਟੀਕਰਨ ਹੋ ਚੁੱਕਾ ਹੈ, ਜਿਸ 'ਚ ਪਾਰਟੀ ਹਰ ਹਾਲ ਵਿੱਚ ਸਹੀ ਤੇ ਉਸ ਪ੍ਰਤੀ ਵਫਾਦਾਰੀ ਹੁਣ ਬਦਲੀ ਨਹੀਂ ਜਾ ਸਕਦੀ।

ਵਰਣਿਕਾ ਦੇ ਪਿਤਾ ਵੀਰੇਂਦਰ ਕੁੰਡੂ ਬਾਰੇ ਕਿਹਾ ਗਿਆ ਹੈ ਕਿ ਉਹ ਜਾਟ ਹਨ। ਭਾਜਪਾ ਨੇ ਹਰਿਆਣਾ 'ਚ ਗੈਰ ਜਾਟ ਲੀਡਰਸ਼ਿਪ ਪੈਦਾ ਕੀਤੀ ਹੈ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੀ ਜਾਟ ਹਨ। ਮਤਲਬ ਕੁਝ ਵੀ ਕਿਹਾ ਜਾ ਹਾ ਹੈ। ਜਾਟ-ਜਾਟ ਦਾ ਜੋੜ ਕੱਢ ਕੇ ਵੀਰੇਂਦਰ ਕੁੰਡੂ ਦੀ ਦਲੇਰੀ ਨੂੰ ਕਾਂਗਰਸੀ ਦੱਸ ਕੇ ਰੱਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੇਰੇ ਨਾਲ ਗੱਲ ਕਰਦਿਆਂ ਵੀਰੇਂਦਰ ਕੁੰਡੂ ਨੇ ਕਿਹਾ ਕਿ 30 ਸਾਲ ਦੀ ਨੌਕਰੀ ਵਿੱਚ ਉਨ੍ਹਾਂ ਦੀ 30 ਵਾਰ ਬਦਲੀ ਹੋਈ, ਕਿਉਂਕਿ ਉਨ੍ਹਾਂ ਨੇ ਕਦੇ ਸਮਝੌਤਾ ਨਹੀਂ ਕੀਤਾ ਤੇ ਕਦੇ ਕਿਸੇ ਦੇ ਦਬਾਅ 'ਚ ਨਹੀਂ ਆਏ। ਉਨ੍ਹਾਂ ਦੀ ਤੀਹ ਸਾਲਾਂ ਦੀ ਨੌਕਰੀ ਵਿੱਚ 10 ਸਾਲ ਭੁਪਿੰਦਰ ਸਿੰਘ ਹੁੱਡਾ ਵੀ ਮੁੱਖ ਮੰਤਰੀ ਰਹੇ ਹਨ। ਅਜਿਹੀਆਂ ਦਲੀਲਾਂ ਨਾਲ ਅਸੀਂ ਕੀ ਹਾਸਲ ਕਰਨਾ ਚਾਹੁੰਦੇ ਹਾਂ ਅਤੇ ਇਸ ਦਾ ਮੌਜੂਦਾ ਘਟਨਾ ਨਾਲ ਕੀ ਲੈਣਾ-ਦੇਣਾ ਹੈ?

ਭਾਜਪਾ ਪ੍ਰਧਾਨ ਜਾਟ ਹਨ। ਉਨ੍ਹਾਂ ਤੋਂ ਅਸਤੀਫੇ ਦੀ ਮੰਗ ਹੋ ਰਹੀ ਹੈ ਤੇ ਭਾਜਪਾ ਦੁਚਿੱਤੀ ਵਿੱਚ ਹੈ ਕਿ ਜਾਟ ਨਾਰਾਜ਼ ਹੋ ਜਾਣਗੇ। ਹੁਣ ਇਸ ਦਲੀਲ ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਦੇ ਅਸਤੀਫੇ ਦੇਣ ਨਾਲ ਵੀ ਕੋਈ ਹੱਲ ਨਹੀਂ ਨਿਕਲਣ ਵਾਲਾ। ਜੇ ਉਹ ਅਹੁਦਾ ਛੱਡ ਦੇਣਗੇ ਤਾਂ ਵੀ ਹਰਿਆਣਾ ਵਿੱਚ ਭਾਜਪਾ ਦੀ ਹੀ ਸਰਕਾਰ ਰਹਿਣੀ ਹੈ।

ਸਿਆਸੀ ਪਾਰਟੀਆਂ ਆਪਣਾ ਸਿਆਸੀ ਉਲੂ ਸਿੱਧਾ ਕਰ ਰਹੀਆਂ ਹਨ। ਬਰਾਲਾ ਦੇ ਅਸਤੀਫਾ ਦਿੰਦਿਆਂ ਹੀ ਉਹ ਲੋਕ 'ਜੇਤੂ ਟਰਾਫੀ' ਲੈ ਕੇ ਨੱਚਣ ਲੱਗ ਪੈਣਗੇ। ਸਭ ਨੂੰ ਪਤਾ ਹੈ ਕਿ ਸਾਡਾ ਸਿਸਟਮ ਅੰਦਰੋਂ ਸੜਿਆ ਹੋਇਆ ਹੈ, ਚਾਹੇ ਉਹ ਕਾਂਗਰਸ ਸਰਕਾਰ ਦਾ ਹੋਵੇ ਜਾਂ ਭਾਜਪਾ ਸਰਕਾਰ ਦਾ। ਉਹ ਇਸ ਮਾਮਲੇ 'ਚ ਫੈਸਲੇ ਨੂੰ ਕਈ ਸਾਲਾਂ ਲਈ ਲਟਕਾ ਦੇਵੇਗੀ। ਇਸ ਲਈ ਫਿਲਹਾਲ ਅਸਤੀਫਾ ਲੈ ਕੇ ਤੁਰਦੇ ਬਣੋ। ਅਸਤੀਫਾ ਦਿੱਤਾ ਜਾ ਸਕਦਾ ਹੈ, ਮੰਗਿਆ ਜਾ ਸਕਦਾ ਹੈ, ਪਰ ਇਸ ਨਾਲ ਕੁਝ ਹੋਣ ਵਾਲਾ ਨਹੀਂ।

ਮੂਲ ਸਵਾਲ ਕੀ ਹੋਣਾ ਚਹੀਦਾ ਹੈ? ਕੀ ਤੁਹਾਨੂੰ ਸਿਸਟਮ ਉੱਤੇ ਭਰੋਸਾ ਹੈ ਕਿ ਇਹ ਬਿਨਾਂ ਕਿਸੇ ਤੋਂ ਪ੍ਰਭਾਵਤ ਹੋਇਆਂ ਨਿਰਪੱਖ ਢੰਗ ਨਾਲ ਜਾਂਚ ਕਰੇਗਾ? ਤੁਸੀਂ ਹੱਸ ਰਹੇ ਹੋਵੋਗੇ, ਮੈਂ ਵੀ ਹੱਸ ਰਿਹਾ ਹਾਂ। ਜਦੋਂ ਕੋਈ ਕਹਿੰਦਾ ਹੈ ਕਿ 'ਮੈਂ ਇਨਸਾਫ ਲਈ ਲੜਾਂਗਾ, ਕਿਉਂਕਿ ਮੈਨੂੰ ਕਾਨੂੰਨ 'ਤੇ ਭਰੋਸਾ ਹੈ' ਤਾਂ ਅਸੀਂ ਸਾਰੇ ਵਾਹ-ਵਾਹ ਕਰਨ ਲੱਗਦੇ ਹਾਂ। ਕੀ ਤੁਸੀਂ ਕਦੇ ਸੋਚਿਆ ਹੈ ਕਿ ਕਾਨੂੰਨ 'ਤੇ ਭਰੋਸਾ ਪ੍ਰਗਟਾਉਣ ਦੀ ਕਿੰਨੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ?

ਕੀ ਤੁਹਾਨੂੰ ਅੰਦਾਜ਼ਾ ਹੈ ਕਿ ਇਸ ਭਰੋਸੇ ਨੂੰ ਹਾਸਲ ਕਰਨ ਲਈ ਕਿੰਨੇ ਤੇ ਕਿੰਨੇ ਲੱਖ ਰੁਪਏ ਖਰਚ ਕਰਨੇ ਪੈਂਦੇ ਹਨ, ਵਕੀਲ ਤੋਂ ਲੈ ਕੇ ਥਾਣਿਆਂ-ਕਚਹਿਰੀਆਂ ਦੇ ਚੱਕਰ ਲਾਉਣ ਤੱਕ? ਕਾਨੂੰਨ 'ਤੇ ਭਰੋਸਾ ਕਰਨ ਦਾ ਦਾਰੋਮਦਾਰ ਨਾਗਰਿਕ 'ਤੇ ਹੁੰਦਾ ਹੈ। ਉਸ ਦਾ ਸਭ ਕੁਝ ਵਿਕ ਜਾਂਦਾ ਹੈ। ਕਾਇਦੇ ਨਾਲ ਸਿਸਟਮ ਨੂੰ ਕਹਿਣਾ ਚਾਹੀਦਾ ਹੈ ਕਿ ਅਸੀਂ ਤੇਰੇ 'ਤੇ ਭਰੋਸਾ ਬਣਾਈ ਰੱਖਣ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦੇਵਾਂਗੇ ਤਾਂ ਕਿ ਕਿਸੇ ਦਾ ਵੀ ਕਾਨੂੰਨ ਉੱਤੋਂ ਭਰੋਸਾ ਨਾ ਉਠੇ, ਪਰ ਹੁੰਦਾ ਉਲਟਾ ਹੈ ਕਿਉਂਕਿ ਅਸੀਂ ਸਵਾਲ ਹੀ ਸਹੀ ਢੰਗ ਨਾਲ ਨਹੀਂ ਉਠਾਉਂਦੇ। ਵਰਣਿਕਾ ਤੇ ਉਸ ਦੇ ਪਿਤਾ ਵੀਰੇਂਦਰ ਨੇ ਹਿੰਮਤ ਦਿਖਾਈ ਹੈ। ਮੈਂ ਉਨ੍ਹਾਂ ਦੀ ਹਿੰਮਤ ਵਿੱਚ ਵਕੀਲ ਦੀ ਲੱਖਾਂ ਰੁਪਏ ਫੀਸ ਤੇ ਮੁਕੱਦਮੇਬਾਜ਼ੀ ਦਾ ਤਣਾਅ ਵੀ ਜੋੜ ਰਿਹਾ ਹਾਂ। 30 ਸਾਲਾਂ ਦੀ ਨੌਕਰੀ 'ਚ ਰਹਿਣ ਤੋਂ ਬਾਅਦ ਜੇ ਉਨ੍ਹਾਂ ਨੂੰ ਵੀ ਐਲਾਨ ਕਰਨਾ ਪੈ ਰਿਹਾ ਹੈ ਕਿ ਕੁਝ ਵੀ ਹੋ ਜਾਵੇ, ਉਹ ਆਪਣੀ ਧੀ ਨੂੰ ਇਨਸਾਫ ਦਿਵਾਉਣ ਲਈ ਲੜਨਗੇ ਤਾਂ ਇਹ ਬਹੁਤ ਵੱਡੀ ਗੱਲ ਹੈ। ਤਾਕਤਵਰ ਲੋਕਾਂ ਕੋਲ ਬੇਹਿਸਾਬ ਪੈਸਾ ਤੇ ਸੋਮੇ ਹੁੰਦੇ ਹਨ, ਇਸ ਲਈ ਉਹ ਇਹ ਲੜਾਈ ਹੱਸਦੇ-ਹੱਸਦੇ ਲੜ ਲੈਣਗੇ ਤੇ ਸਿਸਟਮ ਦੀ ਗਰਦਨ ਦਬਾ ਕੇ ਜਿੱਤ ਹਾਸਲ ਕਰ ਲੈਣਗੇ, ਪਰ ਦੂਜੇ ਪਾਸੇ ਖੜ੍ਹਾ ਆਮ ਵਿਅਕਤੀ ਇੱਕ ਜਿੱਤ ਲਈ ਆਪਣੀ ਜ਼ਿੰਦਗੀ ਦੀ ਜਮ੍ਹਾ ਪੂੰਜੀ ਪਹਿਲੇ ਦਿਨ ਤੋਂ ਹੀ ਹਾਰਨਾ ਸ਼ੁਰੂ ਕਰ ਦੇਵੇਗਾ। ਅਸਲੀ ਲੜਾਈ ਉਥੇ ਹੋਣੀ ਹੈ, ਮੀਡੀਆ ਵਿੱਚ ਨਹੀਂ। ਮੀਡੀਆ ਲਈ ਤਾਂ ਸਾਡਾ ਸਿਆਸੀ ਤੰਤਰ ਕੋਈ ਹੋਰ ਈਵੈਂਟ ਰਚ ਦੇਵੇਗਾ, ਜਿਸ ਵਿੱਚ ਵਰਣਿਕਾ ਦੇ ਉਠਾਏ ਸਾਰੇ ਸਵਾਲ ਉਡ ਜਾਣਗੇ।


## City of Pittsburg's Teeyan da Celebration

Sponsored by DESIROOT ORG & Punjabi Multi-cultural Society
Special Guest Dr. Neeta Bijoor & Author Manpreet Komal



DESIROOT.ORG

Desi Plates $6.00
Special guest performances:
BRATs of Wilson's Dance Studio
Hip-Hop Natyam
Kariktan Dance Company



August 26, 2017

Location: 2301 Range Rd.
Pittsburg, CA 94565

Time: 1:00 - 4:00



** DOORS OPEN @ 12:40 **SHOW STARTS ON TIME @ 1:00
Giddha Bhangra Hip-Hop and more
Raffle Prizes ... Dance floor opens up to Desi style dancing
Entry $5 Kids 5 and under Free
Ladies and children event only






Contact Organizer for additional informat on (booths/performance interest)

Ruby Raju @ 925/550-1088 or Kashmir @ 925/329-9835

# ਅਜ਼ਾਦੀ ਦਿਹਾੜਾ ਮੁਬਾਰਕ !

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"
559-333-5776



ਭਾਰਤ ਚੋਂ ਗੋਰਿਆਂ ਨੂੰ ਗਏ ਸੱਤਰ ਸਾਲ ਬੀਤ ਗਏ ਹਨ। ਕੁਝ ਲੋਕ ਗਾਂਧੀ ਦੇ ਚਰਖੇ ਨੂੰ ਅਜ਼ਾਦੀ ਦੀ ਕੁੰਜੀ ਮੰਨਦੇ ਹਨ..! ਲੇਕਿਨ ਹਿੰਦੋਸਤਾਨ ਦੀ ਅਜ਼ਾਦੀ ਲਈ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਰਲਕੇ ਹਥਿਆਰਬੰਦ ਲੜਾਈ ਵੀ ਲੜੀ। ਇਸ ਲੜਾਈ ਵਿੱਚ ਬੇਸ਼ੱਕ ਸਭਨਾਂ ਨੇ ਰਲਕੇ ਯੋਗਦਾਨ ਪਾਇਆ ਪਰ ਸਿੱਖਾਂ ਦੀ ਗਿਣਤੀ ਸਭ ਤੋਂ ਵੱਧ ਰਹੀ ਅਜਾਦੀ ਦੀ ਲੜਾਈ ਦੌਰਾਨ ਕੁਲ 121 ਭਾਰਤੀਆਂ ਨੂੰ ਫਾਹੇ ਲਾਇਆ ਗਿਆ ਇਹਨਾਂ ਵਿੱਚੋਂ 91 ਇਕੱਲੇ ਸਿੱਖ ਸਨ। ਕੁਲ 2848 ਭਾਰਤੀਆਂ ਨੂੰ ਉਮਰ ਕੈਦ ਹੋਈ ਜਿਨ੍ਹਾਂ ਵਿੱਚੋਂ 2147 ਸਿੱਖ ਸਨ। ਜਲ੍ਹਿਆਂ ਵਾਲੇ ਬਾਗ ਵਿਚ ਕੁਲ 1300 ਭਾਰਤੀ ਸ਼ਹੀਦ ਹੋਏ ਜਿਨ੍ਹਾਂ ਵਿੱਚੋਂ 799 ਸਿੱਖ ਸਨ। ਕਲਕੱਤੇ ਬਜਬਜ ਘਾਟ ਤੇ ਕੁਲ 113 ਭਾਰਤੀ ਸ਼ਹੀਦ ਹੋਏ ਇਹਨਾਂ ਵਿੱਚੋਂ 67 ਸਿੱਖ ਸਨ। ਕੂਕਾ ਲਹਿਰ ਵਿੱਚ 91 ਸਿੰਘ ਸ਼ਹੀਦ ਹੋਏ ਸਾਰੇ ਦੇ ਸਾਰੇ ਸਿੱਖ, ਗੁਰਦੁਆਰਾ ਲਹਿਰ ਤਹਿਤ 531 ਸਿੰਘ ਸ਼ਹੀਦ ਹੋਏ ਸਾਰੇ ਦੇ ਸਾਰੇ ਸਿੱਖ। ਟੋਟਲ 4771 ਭਾਰਤੀ ਲੋਕਾਂ ਨੂੰ ਸਜਾਵਾਂ ਹੋਈਆਂ ਜਾ ਸ਼ਹੀਦ ਹੋਏ ਇਹਨਾਂ ਵਿੱਚੋਂ 3728 ਸਿੱਖ ਸਨ। ਜਿਥੇ ਐਡੀ ਵੱਡੀ ਗਿਣਤੀ ਵਿੱਚ ਸਾਡੇ ਪੁਰਖਿਆਂ ਨੇ ਕੁਰਬਾਨੀਆਂ ਕੀਤੀਆਂ ਹੋਣ, ਜੀਅ ਤਾਂ ਕਰਦਾ ਅਜ਼ਾਦੀ ਦਿਹਾੜਾ ਮੁਬਾਰਕ ਕਹੀਏ, ਪਰ ਜਿਹੜਾ ਦਸ ਲੱਖ ਪੰਜਾਬੀ ਬਟਵਾਰੇ ਵੇਲੇ ਅਜ਼ਾਦੀ ਦੀ ਭੇਂਟ ਚੜ ਗਿਆ ਉਹਨਾਂ ਦੀ ਮੌਤ ਦਾ ਜਸ਼ਨ ਕਿਵੇਂ ਮਨਾਈਏ। ਇਸ ਪਿਛੋਂ ਸਾਡੇ ਗੰਦੇ ਸਿਆਸਤਦਾਨਾਂ ਨੇ ਐਨੀਆਂ ਵੱਡੀਆਂ ਕੁਰਬਾਨੀਆਂ ਦੇਕੇ ਲਈ ਅਜ਼ਾਦੀ ਦਾ ਮੁੱਲ ਨਹੀਂ ਪਾਇਆ ਸਗੋਂ ਆਪੋ ਆਪਣੇ ਘਰ ਭਰਨ ਲਈ ਸਿਸਟਮ ਦੀਆਂ ਧੱਜੀਆਂ ਉਡਾ ਦਿੱਤੀਆਂ। ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਬੇਰੁਜ਼ਗਾਰੀ ਤੇ ਮੰਨੂਵਾਦੀ ਸੋਚ ਨੇ ਸਾਡੀ ਮਾਨਸਿਕਤਾ ਨੂੰ ਬਿਮਾਰ ਕਰ ਦਿੱਤਾ ਜਿਸ ਕਰਕੇ ਚੰਦ ਕੁ ਘਰਾਣੇ ਅਜ਼ਾਦੀ ਦਾ ਨਿੱਘ ਮਾਣ ਰਹੇ ਹਨ। ਫਿਰਕਾਪ੍ਰਸਤ ਤਾਕਤਾ ਨੇ ਹਿੰਦੂਤਵ ਦਾ ਏਜੰਡਾਂ ਲਾਗੂ ਕਰਨ ਲਈ ਗਊ ਮਾਸ,



ਜਾਤ-ਪਾਤ ਅਤੇ ਧਰਮ ਦਾ ਐਸਾ ਪੱਤਾ ਖੇਡਿਆ ਕਿ ਅੱਜ ਭਾਰਤ ਵਿੱਚ ਘੱਟ ਗਿਣਤੀਆਂ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਇਸ ਦੇਸ਼ ਅੰਦਰ ਫਿਰਕੂ ਅਤੇ ਜਾਤੀਵਾਦ ਤਾਕਤਾ ਨੇ ਇਨਸਾਨੀ ਕਦਰਾਂ-ਕੀਮਤਾਂ ਖਤਮ ਕਰ ਦਿੱਤੀਆਂ ਹਨ। ਜੇ ਕਿਤੇ ਨਗਨ ਮਰਦ ਔਰਤ ਮਿਲ ਜਾਵੇ ਉਹਨਾਂ ਨੂੰ ਇਸ ਤਰੀਕੇ ਨਾਲ ਤਸੀਹੇ ਦਿੱਤੇ ਜਾਂਦੇ ਹਨ ਕਿ ਰੂਹ ਕੁਰਲਾਹ ਉੱਠਦੀ ਹੈ। ਗਊ ਮਾਸ ਦੇ ਨਾਂ ਤੇ ਮੁਸਲਮ ਲੋਕਾਂ ਨੂੰ ਗਊ ਰੱਖਿਅਕਾਂ ਵੱਲੋਂ ਮਾਰ ਮਾਰਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਮੁਲਜ਼ਮਾਂ ਨੂੰ ਕੋਈ ਸਜਾ ਨਹੀ..! ਲੋਕਾਂ ਦੇ ਘਰਾਂ ਅੰਦਰ ਵੜਕੇ ਫਰਿਜ਼ ਚਿੱਕ ਕੀਤੇ ਜਾਂਦੇ ਹਨ ਕਿ ਕੋਈ ਕੀ ਖਾ ਰਿਹਾ ਹੈ..! ਸਿੱਖ ਨੌਜਵਾਨਾਂ ਦੀਆਂ ਕੁੱਟ ਮਾਰ ਦੀਆਂ ਵੀਡੀਓ ਵੇਖਕੇ ਲੂੰਈ ਕੰਡਾ ਖੜਾ ਹੋ ਜਾਂਦਾ ਹੈ। ਗੁੰਡਾਗਰਦੀ ਨੇ ਜਿਸ ਕਦਰ ਪੂਰੇ ਹਿੰਦੋਸਤਾਨ ਵਿੱਚ ਪੈਰ ਪਸਾਰੇ ਹੋਏ ਨੇ ਕੋਈ ਵੀ ਆਮ ਸ਼ਹਿਰੀ ਆਪਣੇ ਆਪ ਨੂੰ ਸੇਫ਼ ਮਹਿਸੂਸ ਨਹੀਂ ਕਰਦਾ। ਲੁੱਟਾਂ-ਖੋਹਾਂ, ਕਤਲੋਗਾਰਦ ਅੱਗੇ ਪੁਲਿਸ ਤੇ ਕਨੂੰਨ ਹੀਜੜੇ ਹੋਏ ਖੜੇ ਮਹਿਸੂਸ ਹੁੰਦੇ ਹਨ। ਯੂ ਪੀ ਦੇ ਗੋਰਖਪੁਰ ਸਰਕਾਰੀ ਹਸਪਤਾਲ ਅੰਦਰ ਜਿਸ ਤਰੀਕੇ ਨਾਲ ਵੱਡੀ ਗਿਣਤੀ ਵਿੱਚ ਬੱਚੇ ਆਕਸੀਜਨ ਦੀ ਸਪਲਾਈ ਬੰਦ ਹੋਣ ਨਾਲ ਮਾਰੇ ਗਏ ਹਨ..!

ਕੀ ਇਸ ਤਰਾਂ ਦੀ ਘਟਨਾ ਅਜਾਦ ਮੁਲਕ ਦੇ ਰਾਜਨੀਤਕ ਲੋਕਾਂ ਲਈ ਸ਼ਰਮ ਵਾਲੀ ਗੱਲ ਨਹੀਂ.? ਅਜ਼ਾਦੀ ਦਿਵਸ ਮਨਾਉਣ ਨੂੰ ਬਹੁਤ ਦਿਲ ਕਰਦਾ ਲੇਕਿਨ ਜਿਥੇ ਲੋਕਾਂ ਦੀ ਵੋਟ ਵਿਕਦੀ ਹੋਵੇ, ਜਿਥੇ ਇਨਸਾਨੀਅਤ ਮਰਦੀ ਹੋਵੇ, ਜ਼ਮੀਰ ਮਾਰ ਦਿੱਤੀ ਗਈ ਹੋਵੇ, ਭ੍ਰਿਸ਼ਟਾਚਾਰ, ਜਾਤੀਵਾਦ, ਫਿਰਕਾਪ੍ਰਸਤੀ, ਬੇਰੁਜ਼ਗਾਰੀ, ਗੁੰਡਾਗਰਦੀ ਦਣਦਣਾਉਣੀ ਹੋਵੇ, ਪਹਿਲਾਂ ਓਥੋਂ ਦੇ ਲੋਕਾਂ ਦੀ ਸੋਚ ਨੂੰ ਅਜ਼ਾਦ ਕਰਨਾਂ ਪਊ, ਗੰਦੀ ਸਿਆਸਤ ਪ੍ਰਤੀ ਲਾਮਬੰਦ ਹੋਣਾ ਪਊ ਫੇਰ ਜੋ ਭਾਰਤ ਸਿਰਜੇਗਾ ਓਸ ਅੰਦਰ ਕਿਸੇ ਨੂੰ ਰਾਸ਼ਟਰੀ ਗੀਤ ਧੱਕੇ ਨਾਲ ਨਹੀਂ ਬੋਲਣਾ ਪਊ...! ਅਜ਼ਾਦੀ ਦਿਹਾੜਾ ਮੁਬਾਰਕ

# ਦੇਸ ਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੇ ਅਧੂਰੇ ਪਏ ਸੁਪਨੇ



ਕੁਲਦੀਪ ਚੰਦ
9417563054

ਅੱਜ ਅਸੀਂ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਵਿੱਚ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਭਾਸਣ ਦੇਣਗੇ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ। ਇਸ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸ ਕਾਰਨ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ ਪਰੰਤੂ ਦੁੱਖ ਦੀ ਗੱਲ ਹੈ ਕਿ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਭਾਰਤ ਦੇਸ਼ ਜਿਸਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਵਿੱਚ ਅਜ਼ਾਦੀ ਦੇ 70 ਸਾਲ ਬੀਤਣ ਦੇ ਬਾਬਜੂਦ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ। ਦੇਸ਼ ਦੀ ਜ਼ਿਆਦਾਤਰ ਜਨਤਾ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੀ ਸ਼ਿਕਾਰ ਹੈ। ਇਹਨਾਂ ਲੋਕਾਂ ਨੂੰ ਜੀਵਨ ਜਿਉਣ ਲਈ ਜ਼ਰੂਰੀ ਸਾਧਨ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਅਤੇ ਵਿਕਾਸ ਦੇ ਦਾਅਵੇ ਕਰਦੀਆਂ ਵੱਡੀਆਂ-ਵੱਡੀਆਂ ਇਮਾਰਤਾਂ ਹੀ ਨਜਰ ਆਂਦੀਆਂ ਹਨ ਕਦੇ ਕਿਸੇ ਗਰੀਬ ਦੀ ਕੁਲੀ ਵੱਲ ਨਜਰ ਨਹੀਂ ਗਈ। ਦੇਸ਼ ਦੀ ਜ਼ਿਆਦਾ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ। ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ, ਬਹੁਤੇ ਲੋਕ ਦਵਾਈਆਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਮੰਤਰੀ ਸੰਤਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਵਿਦੇਸ਼ਾਂ ਵਿੱਚ ਸਰਕਾਰੀ ਖਰਚੇ ਤੇ ਇਲਾਜ਼ ਕਰਵਾਂਦੇ ਹਨ। ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ ਪਰ ਸਰਕਾਰੀ ਮੰਤਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਆਯਾਤ ਕਰਦੇ ਹਨ ਅਤੇ ਕਮੀਸ਼ਨ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਕਈ ਸਰਕਾਰੀ ਅਫਸਰ ਸਰਕਾਰ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਗਰੀਬ ਕਰਜ਼ਦਾਰ ਨੂੰ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮਹੱਤਿਆ ਤੱਕ ਕਰ ਲੈਂਦਾ ਹੈ ਦੂਜੇ ਪਾਸੇ ਵਿਜੇ ਮਾਲੀਆ ਵਰਗੇ ਲੋਕ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਅੱਜ ਦੀ ਪੁਲਿਸ ਅੰਗਰੇਜ਼ਾਂ ਨਾਲੋਂ ਵੀ ਵੱਧ ਜ਼ੁਲਮ ਜਨਤਾ ਤੇ ਕਰਦੀ ਹੈ।




ਸਾਰੇ ਮੰਤਰੀ ਕਾਨੂੰਨ ਤੋਂ ਉਪਰ ਹਨ ਅਤੇ ਲੱਖਾਂ ਕਰੋੜ ਦੇ ਘੋਟਾਲੇ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਬੱਚੇ ਅੱਜ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ, ਬਹੁਤੇ ਰਾਜਨੀਤਿਕ ਆਗੂ ਜੋ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਰਾਜਨੀਤਿਕ ਲਾਭ ਲੈਣ ਲਈ ਭੋਲੇ ਭਾਲੇ ਲੋਕਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕਰਦੇ ਹਨ। ਇਹ ਆਗੂ ਅਕਸਰ ਰਾਜਨੀਤਿਕ ਪਾਰਟੀਆਂ ਵੀ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ ਅਤੇ ਸਮੇਂ ਅਨੁਸਾਰ ਅਪਣਾ ਅਪਣਾ ਕੰਮ ਕਰਦੇ ਹਨ। ਸਾਡੇ ਦੇਸ ਵਿੱਚ ਫੈਲੀਆਂ ਸੈਂਕੜੇ ਸਮਾਜਿਕ ਕੁਰਿਤੀਆਂ ਨਸ਼ੇ, ਜਾਤਿ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ, ਬਾਲ ਮਜਦੂਰੀ, ਧਰਮ, ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ। ਵਿਧਾਨ ਸਭਾਵਾਂ, ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘਟ ਹੈ।

ਧਰਮ ਦੇ ਅਧਾਰ ਤੇ ਜਾਨਵਰ ਮਰਨ ਤੇ ਬਹੁਤ ਵਾਰ ਬਬਾਲ ਮਚਦਾ ਹੈ ਪਰ ਕਈ ਵਿਅਕਤੀਆਂ ਦੇ ਮਰਨ ਤੇ ਕੋਈ ਅਫਸੋਸ ਵੀ ਪ੍ਰਗਟ ਨਹੀਂ ਕਰਦਾ ਹੈ। ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਕੰਮ ਕਰਨ ਦੀ ਆਜ਼ਾਦੀ, ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਨੂੰ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ।

ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਢਾਂਚੇ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰਿਆਂ ਨੂੰ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਸੀ ਪਰ ਅੱਜ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗਰੀਬ ਹੋਰ ਗਰੀਬ।

ਜਿੰਨੀ ਦੇਰ ਤੱਕ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਉਦੋ ਤੱਕ ਅਜਿਹੀ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਅਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਅਧੂਰੇ ਰਹਿਣਗੇ ਅਤੇ ਇਹ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ। ਦੇਸ ਦਾ ਹਰ ਨਾਗਰਿਕ ਉਦੋਂ ਹੀ ਅਜ਼ਾਦੀ ਦੀ ਹਵਾ ਦਾ ਅਨੰਦ ਮਾਣ ਸਕੇਗਾ ਜਦੋਂ ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ। ਅੱਜ ਅਜ਼ਾਦੀ ਦਿਵਸ ਤੇ ਸਾਨੂੰ ਸਭਨੂੰ ਇਹ ਸਕੰਲਪ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਹਰ ਨਾਗਰਿਕ ਤੱਕ ਪਹੁੰਚਾਣ ਲਈ ਅਸੀਂ ਸਭ ਮਿਲਕੇ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਤੇ ਭਾਰਤ ਮਹਾਨ ਬਣ ਸਕੇ।

# ਭਾਰਤ ਛੱਡੋ ਆਮ ਆਦਮੀ ਦਾ ਅੰਦੋਲਨ ਸੀ

ਹਰਪ੍ਰੀਤ ਸਿੰਘ ਬਰਾੜ
ਸਾਬਕਾ ਡੀ ੳ, 174 ਮਿਲਟਰੀ ਹਸਪਤਾਲ, ਬਠਿੰਡਾ

ਭਾਰਤ ਛੱਡੋ ਅੰਦੋਲਨ ਦਾ ਇਹ 76 ਵਾਂ ਸਾਲ ਹੈ ਪਰ ਅੱਜ ਵੀ ਭਾਸ਼ਾ,ਧਰਮ ਨਿਰਪੱਖਤਾ ਦੇ ਤੱਤ ਭਾਰਤ ਨੂੰ ਨਿਗਲ ਜਾਣ ਦੇ ਲਈ ਕਾਹਲੇ ਹਨ। ਰਾਸ਼ਟਰੀ ਏਕਤਾ ਦੇਸ਼ ਦੇ ਅੱਗੇ ਇੱਕ ਦੁਖਦ ਸਮੱਸਿਆ ਬਣ ਗਈ ਹੈ। ਇਸਦਾ ਮੁੱਖ ਕਾਰਨ ਆਜਾਦੀ ਤੋਂ ਬਾਅਦ ਦੀ ਪੀੜ੍ਹੀ ਦਾ ਰਾਸ਼ਟਰੀ ਅੰਦੋਲਨ ਦੇ ਕੁਰਬਾਨੀ ਵਾਲੇ ਇਤਿਹਾਸ ਤੋਂ ਜਾਣੂ ਨਾ ਹੋਣਾ ਹੈ। ਵੈਸੇ ਤਾਂ ਇਨਕਲਾਬ ਦਾ ਇਤਹਾਸ ਬਹੁਤ ਵਿਆਪਕ ਰਿਹਾ ਹੈ।ਪਰ ਬਦਲਾਅ ਦੀ ਆਹਟ ਦੇ ਲਈ ਕੀਤੇ ਜਾਣ ਵਾਲੀ ਹਰ ਕੋਸ਼ਿਸ਼ ਨੂੰ ਇਨਕਲਾਬ ਲਈ ਚੁੱਕਿਆ ਕਦਮ ਮੰਨ ਲਈਏ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਸੋ ਸਾਨੂੰ ਇਹ ਮੰਨਣ 'ਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ 1942 ਦਾ ਅਗਸਤ ਇਕਲਾਬ ਜੋ ਭਾਰਤ ਦਾ ਰਾਸ਼ਟਰੀ ਅੰਦੋਲਨ ਸੀ, ਅੰਗ੍ਰੇਜੀ ਸਾਮਰਾਜਵਾਦ ਤੋਂ ਮੁਕਤੀ ਸੰਘਰਸ਼ ਦੀ ਗਾਥਾ ਸੀ।ਵੈਸੇ ਤਾਂ ਆਜਾਦੀ ਅੰਦੋਲਨ ਦੇ ਸੰਘਰਸ਼ 'ਚ 1857 ਤਾ ਮੁਕਤੀ ਸੰਗ੍ਰਾਮ ਵਰਣਨਯੋਗ ਹੈ। ਇਸ ਵਿੱਚ ਹਰ ਵਰਗ, ਜਿੰਮੀਦਾਰ, ਮਜਦੂਰ ਅਤੇ ਕਿਸਾਨ, ਇਸਤਰੀ-ਪੁਰਸ਼, ਹਿੰਦੂ ਅਤੇ ਮੁਸਲਮਾਨ ਸਾਰੇ ਲੋਕਾਂ ਨੇ ਆਪਣੀ ਬਹਾਦਰੀ ਅਤੇ ਏਕਤਾ ਦਾ ਸਬੂਤ ਦਿੱਤਾ। ਅਗਸਤ ਕ੍ਰਾਂਤੀ ਜਾਂ ਭਾਰਤ ਛੱਡੋ ਅੰਦੋਲਨ ਨੂੰ ਅਸੀਂ ਭਾਰਤ ਦੀ ਆਜਾਦੀ ਦਾ ਦੂਜਾ ਮੁਕਤੀ ਸੰਗ੍ਰਾਮ ਕਹਿ ਸਕਦੇ ਹਾਂ ਜਿਸਦੇ ਸਿੱਟੇ ਵਜੋਂ 5 ਸਾਲ ਬਾਅਦ 1947 'ਚ ਸਾਨੂੰ ਆਜਾਦੀ ਪ੍ਰਾਪਤ ਹੋਈ। ਪੰ ਲਾਲ ਨਹਿਰੂ ਦੇ ਸ਼ਬਦਾਂ 'ਚ 'ਇਹ ਕਿਸੇ ਪਾਰਟੀ ਜਾਂ ਵਿਅਕਤੀ ਦਾ ਅੰਦੋਲਨ ਨਾ ਹੋਕੇ ਆਮ ਜਨਤਾ ਦਾ ਅੰਦੋਲਨ ਸੀ ਜਿਸਦੀ ਅਗਵਾਈ ਆਮ ਜਨਤਾ ਵੱਲੋਂ ਆਪਣੇ ਹੱਥਾਂ 'ਚ ਲੈ ਲਈ ਗਈ ਸੀ। ਦੂਜੇ ਵਿਸ਼ਵ ਯੁੱਧ 'ਚ ਭਾਰਤ ਦਾ ਸਮੱਰਥਨ ਲੈਣ ਦੇ ਬਾਵਜੂਦ ਜਦੋਂ ਅੰਗ੍ਰੇਜ਼ ਭਾਰਤ ਨੂੰ ਆਜਾਦ ਕਰਨ ਨੂੰ ਤਿਆਰ ਨਹੀ ਹੋਏ ਤਾ ਮਹਾਤਮਾ ਗਾਂਧੀ ਨੇ ਭਾਰਤ ਛੱਡੋ ਅੰਦੋਲਨ ਦੇ ਰੂਪ 'ਚ ਆਜਾਦੀ ਦੀ ਜੰਗ ਦਾ ਐਲਾਨ ਕਰ ਦਿੱਤਾ। ਜਿਸ ਨਾਲ ਬਰਤਾਨਵੀ ਹਕੂਮਤ ਦਹਿਸ਼ਤ 'ਚ ਆ ਗਈ। 9 ਅਗਸਤ ਸਨ,1942 'ਚ ਇਸ ਅੰਦੋਲਨ ਦੀ ਸ਼ੁਰੂਆਤ ਹੋਈ ਸੀ ਇਸ ਲਈ 9 ਅਗਸਤ ਦੇ ਦਿਨ ਨੂੰ ਅਗਸਤ ਕ੍ਰਾਂਤੀ ਦਿਵਸ ਦੇ ਰੂਪ 'ਚ ਜਾਣਿਆ ਜਾਂਦਾ ਹੈ। ਇਹ ਅੰਦੋਲਨ ਮੁੰਬਈ ਦੇ ਜਿਸ ਪਾਰਕ 'ਚ ਸ਼ੁਰੂ ਹੋਇਆ ਉਸ ਨੂੰ ਹੁਣ ਅਗਸਤ ਕ੍ਰਾਂਤੀ ਮੈਦਾਨ ਦੇ ਨਾਂਅ ਦੇ ਦਿੱਤਾ ਗਿਆ। ਭਾਰਤੀ ਰਾਸ਼ਟਰੀ ਕਾਂਗ੍ਰਸ ਨੇ ਅੰਗ੍ਰੇਜਾਂ ਨੂੰ ਭਾਰਤ ਛੱਡਣ ਦੇ ਲਈ 4 ਜੁਲਾਈ ਸੰਨ 1942 ਨੂੰ ਇਕ ਪ੍ਰਸਤਾਵ ਪੇਸ਼ ਕੀਤਾ ਗਿਆ ਕਿ ਜੇਕਰ ਅੰਗ੍ਰੇਜ਼ ਭਾਰਤ ਨਹੀਂ ਛੱਡਦੇ ਹਨ ਤਾਂ ਉਨ੍ਹਾਂ ਦੇ

(ਬਾਕੀ ਸਫਾ 21 'ਤੇ)

# “ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀ ਚਾਹੀਦਾ”

## (ਬਾਨੀ ਆਦਿ- ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

**“ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ.ਐਲ. ਚੁੰਬਰ, ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ, (ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ, ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਇਸ ਇਤਿਹਾਸਕ ਦਸਤਾਵੇਜ ਨੂੰ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**



ਸੀ. ਐਲ. ਚੁੰਬਰ

**- ਤੇਜਪਾਲ ਗੀਗੜ, ਬਰਨਬੀ, ਬ੍ਰਿਟਿਸ਼ ਕੁਲੰਬੀਆ, ਕਨੇਡਾ, ਫੋਨ: 778-319-5431**

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣ ਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚੱਲਣਾ ਸਿਖਾਇਆ।ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀ ਐਮ ਐਸ ਆਈ, ਜੀ.ਜੀ.ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸਏਪਓਰਓਟਏ ਏਲਏਚਟਰਓਟਏ) ਨੂੰ ਆਦਿ-ਧਰਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐ.ਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਓਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾਂ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।



**ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ**
**(14 ਜਨਵਰੀ 1886 ਤੋਂ 22 ਅਪ੍ਰੈਲ 1980)**

### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, ਉਆਦਿ ਡੰਕਾ”, ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ, ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

#### ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:

**ਪਹਿਲਾ ਮਤਾ:** ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ:** ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁਧ ਹੈ।

**ਤੀਜਾ ਮਤਾ:** ਰਾਜਾ ਮੁੰਜੇ ਪੈਕਟ ਦੀ ਸਖਤ ਵਿੱਰਧਤਾ ਕਰਦੇ ਹਾਂ।

**ਚੌਥਾ ਮਤਾ:** ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ। ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ:** ਹਿੰਦੂਵਾਦ, ਦਇਆਨੰਦ ਦਲਿਤ ਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ। ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੋਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪੱਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ “ਸੋਹੰ”” ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ “ਵੱਖਰੇ ਚੋਣ ਖੇਤਰ ਪ੍ਰਣਾਲੀ” Separate Electorate ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡ੍ਰਿਸੈਮਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆਂ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਘੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ। ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੂੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ: - “ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ

**(ਬਾਕੀ ਅਗਲੇ ਸਫੇ ਤੇ)**

# "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀ ਚਾਹੀਦਾ"

ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ। ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਜਕੀਨ ਕਰਦੇ ਹਾਂ ਕਿ ਆਪਦੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੈ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਪਿੰਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ ਉ ਧਾਰਮਿਕ ਗੀਤਾ ਅਤੇ ਭਾਸ਼ਨਾ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਮਾਂ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਨਾਲੀ ਦੇ ਵਿੱਚਕਾਰ ਪ੍ਰਗਟ ਕੀਤੀ।"

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲ਼ੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ - ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅੱਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਨਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮੱਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।

ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ।

1. **ਪਹਿਲੀ ਮੰਗ** - ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਿਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ** - ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੂਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. **ਤੀਜੀ ਮੰਗ** - ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ**- ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾ ਦੇ ਦਬਾਅ ਥੱਲੇ ਹਨ। ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਈਆਂ ਅਤੇ ਮੁਸਲਮਾਨਾਂ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ**:- ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾਂ ਹਨ।

ਇਸ ਪੱਤਰ ਤੇ The Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆਂ ਹੈ (Principles)

1. No work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in cooperation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸੱਕਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਿਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕ ਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ , ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂੰਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆਂ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ । ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ । ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ , ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾਂ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ

**(ਬਾਕੀ ਅਗਲੇ ਸਫੇ ਤੇ)**

# ਅਸਥਿਰ ਪਾਕਿਸਤਾਨ ਹਮੇਸ਼ਾ ਭਾਰਤ ਲਈ ਮਨਹੂਸ ਖਬਰ ਰਹੇਗਾ

**ਵਿਪਿਨ ਪੱਬੀ**

ਭਾਰਤ-ਪਾਕਿਸਤਾਨ ਵਿਚਾਲੇ ਦੁਵੱਲੇ ਸੰਬੰਧਾਂ ਵਿੱਚ ਆਈ ਠੰਢ ਦੇ ਬਾਵਜੂਦ ਪਾਕਿਸਤਾਨ ਸੁਪਰੀਮ ਕੋਰਟ ਵੱਲੋਂ ਨਵਾਜ਼ ਸ਼ਰੀਫ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕੀਤੇ ਜਾਣ ਦੀ ਖਬਰ ਭਾਰਤ ਲਈ ਸ਼ੁਭ ਨਹੀਂ। ਬੇਸ਼ੱਕ ਨਵਾਜ਼ ਸ਼ਰੀਫ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ ਲਈ ਇਸ ਅਹੁਦੇ ਨੂੰ ਰਾਖਵਾਂ ਬਣਾਉਣ ਦੇ ਲਈ ਸ਼ਾਹਿਦ ਖਾਕਾਨ ਅੱਬਾਸੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ ਹੈ, ਫਿਰ ਵੀ ਜਿਸ ਢੰਗ ਨਾਲ ਨਵਾਜ਼ ਸ਼ਰੀਫ ਨੂੰ ਅਹੁਦੇ ਤੋਂ ਹਟਾਇਆ ਗਿਆ ਹੈ, ਉਹ ਭਾਰਤ ਅਤੇ ਪਾਕਿਸਤਾਨ ਦੋਵਾਂ ਲਈ ਸ਼ੁਭ ਸੰਕੇਤ ਨਹੀਂ ਹੈ।

ਇਹ ਆਪਣੇ ਆਪ ਵਿੱਚ ਤ੍ਰਾਸਦੀ ਹੈ ਕਿ ਪਾਕਿਸਤਾਨ ਦੇ ਸੱਤਰ ਵਰ੍ਹਿਆਂ ਦੇ ਇਤਿਹਾਸ ਵਿੱਚ ਇੱਕ ਵੀ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਵੋਟਰਾਂ ਵੱਲੋਂ ਅਹੁਦੇ ਤੋਂ ਨਹੀਂ ਹਟਾਇਆ ਗਿਆ, ਸਗੋਂ ਉਨ੍ਹਾਂ ਦਾ ਕਾਰਜਕਾਲ ਜਰਨੈਲਾਂ, ਜੱਜਾਂ ਜਾਂ ਫਿਰ ਕਾਤਲਾਂ ਹੱਥੋਂ ਖਤਮ ਹੁੰਦਾ ਰਿਹਾ ਹੈ। ਪ੍ਰਧਾਨ ਮੰਤਰੀ ਵਜੋਂ ਨਵਾਜ਼ ਸ਼ਰੀਫ ਦੀ ਇਹ ਤੀਜੀ ਬਰਖਾਸਤਗੀ ਸੀ। ਅਹਿਮ ਗੱਲ ਇਹ ਹੈ ਕਿ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਕਿਸੇ ਦੋਸ਼ ਵਿੱਚ ਸਜ਼ਾ ਨਹੀਂ ਦਿੱਤੀ ਗਈ, ਸਗੋਂ ਇੱਕ ਬਹੁਤ ਮਾਮੂਲੀ ਜਿਹੇ ਆਧਾਰ 'ਤੇ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੀ ਮੈਂਬਰਸ਼ਿਪ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ ਕਿ 2013 ਦੀਆਂ ਆਮ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਆਪਣੀ ਆਮਦਨ ਦਾ ਐਲਾਨ ਕਰਦੇ ਸਮੇਂ ਉਸ ਦਾ ਪੂਰਾ ਖੁਲਾਸਾ ਨਹੀਂ ਕੀਤਾ ਸੀ। ਇਸ ਬਰਖਾਸਤਗੀ ਲਈ ਇਹ ਕਾਨੂੰਨੀ ਆਧਾਰ ਪੇਸ਼ ਕੀਤਾ ਗਿਆ ਕਿ ਉਨ੍ਹਾਂ ਨੇ 10,000 ਦਰਾਮ ਦੀ ਇੱਕ ਦੇਣਦਾਰੀ ਦਾ ਖੁਲਾਸਾ ਨਹੀਂ ਸੀ ਕੀਤਾ, ਹਾਲਾਂਕਿ ਇਹ ਰਕਮ ਉਨ੍ਹਾਂ ਨੂੰ ਕਦੇ ਹਾਸਲ ਹੀ ਨਹੀਂ ਹੋਈ।

ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵਿਰੁੱਧ ਪਨਾਮਾ ਪੇਪਰਜ਼ ਦੇ ਲੀਕ ਹੋਣ ਦੀਆਂ ਖਬਰਾਂ ਦੇ ਆਧਾਰ 'ਤੇ ਇਸ ਨਾਲੋਂ ਕਿਤੇ ਵੱਧ ਗੰਭੀਰ ਦੋਸ਼ ਬਣਦੇ ਹਨ, ਪਰ ਉਨ੍ਹਾਂ ਦੀ ਅਜੇ ਜਾਂਚ ਪੜਤਾਲ ਹੋਣ ਵਾਲੀ ਹੈ ਅਤੇ ਸੁਪਰੀਮ ਕੋਰਟ ਨੇ ਪਾਕਿਸਤਾਨ ਦੀ ਪ੍ਰਮੁੱਖ ਜਾਂਚ ਏਜੰਸੀ ਨੈਸ਼ਨਲ ਅਕਾਊਂਟੇਬਿਲਟੀ ਬਿਊਰੋ (ਐੱਨ ਏ ਬੀ) ਨੂੰ ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਵਿਰੁੱਧ ਅਪਰਾਧਕ ਕੇਸ ਦਰਜ ਕਰਨ ਤੇ ਛੇ ਮਹੀਨਿਆਂ ਅੰਦਰ ਮੁਕੱਦਮਾ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਪਾਕਿਸਤਾਨ ਦੇ ਲੋਕਤੰਤਰ ਅਤੇ ਸਿਆਸੀ ਇਤਿਹਾਸ ਵਿੱਚ ਨਵਾਜ਼ ਸ਼ਰੀਫ ਦੀ ਤੀਜੀ ਵਾਰ ਦੀ ਬਰਖਾਸਤਗੀ ਨੂੰ ਇੱਕ ਫੈਸਲਾਕੁੰਨ ਮੋੜ ਵਜੋਂ ਦੇਖਿਆ ਜਾ ਰਿਹਾ ਹੈ ਤੇ ਭਾਰਤ ਵਿੱਚ ਇਸ ਨੂੰ ਬਿਲਕੁਲ ਚੰਗੀ ਖਬਰ ਨਹੀਂ ਮੰਨਿਆ ਜਾ ਰਿਹਾ। ਪ੍ਰੇਸ਼ਾਨੀ ਦੀ ਇੱਕ ਹੋਰ ਗੱਲ ਇਹ ਹੈ ਕਿ ਨਵਾਜ਼ ਸ਼ਰੀਫ ਨੂੰ ਬਰਖਾਸਤ ਕਰਨ ਲਈ ਸੁਪਰੀਮ ਕੋਰਟ ਨੇ ਇਸਲਾਮੀ ਕਾਨੂੰਨੀ ਦੀਆਂ ਵਿਵਸਥਾਵਾਂ ਦਾ ਸਹਾਰਾ ਲਿਆ ਹੈ। ਇਹ ਭਵਿੱਖ ਲਈ ਇੱਕ ਬਹੁਤ ਘਟੀਆ ਚਲਨ ਸਿੱਧ ਹੋਵੇਗਾ ਤੇ ਇਸ ਨਾਲ ਲੋਕਤੰਤਰ ਨੂੰ ਠੇਸ ਲੱਗੇਗੀ। ਇਨ੍ਹਾਂ ਹੁਕਮਾਂ ਨੂੰ ਭਵਿੱਖ ਵਿੱਚ ਫੌਜ ਦੇ ਬਹਿਕਾਵੇ ਵਿੱਚ ਪਾਕਿਸਤਾਨ ਦੀ ਕਿਸੇ ਵੀ ਚੁਣੀ ਹੋਈ ਸਰਕਾਰ ਨੂੰ ਸਬਕ ਸਿਖਾਉਣ ਲਈ ਅਦਾਲਤੀ ਰਾਜਪਲਟੇ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ।

ਹੁਣੇ ਹੁਣੇ ਸਰਹੱਦ 'ਤੇ ਪੈਦਾ ਹੋਏ ਤਣਾਅ ਦੇ ਬਾਵਜੂਦ ਭਾਰਤ ਵਿੱਚ ਨਵਾਜ਼ ਸ਼ਰੀਫ ਨੂੰ ਸ਼ਾਂਤੀ ਦਾ ਸਮਰਥਕ ਸਮਝਿਆ ਜਾਂਦਾ ਹੈ। ਦੁਵੱਲੇ ਸੰਬੰਧਾਂ ਵਿੱਚ ਤਾਜ਼ਾ ਤਣਾਅ ਲਈ ਪਨਾਮਾ ਪੇਪਰਜ਼ ਕੇਸ ਦੇ ਨਾਲ ਅੰਸ਼ਿਕ ਤੌਰ ਉੱਤੇ ਮੋਦੀ ਸਰਕਾਰ ਦੇ ਹਮਲਾਵਰ ਰਵੱਈਏ ਨੂੰ ਵੀ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਪਨਾਮਾ ਪੇਪਰਜ਼ ਕਾਰਨ ਨਵਾਜ਼ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਉੱਤੇ ਸ਼ੱਕ ਦੇ ਬੱਦਲ ਘਿਰ ਗਏ ਹਨ। ਫਿਰ ਵੀ ਚਾਹੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਵਾਹਗਾ ਬਾਰਡਰ 'ਤੇ ਸਵਾਗਤ ਕਰਨ ਦਾ ਮੁੱਦਾ ਹੋਵੇ ਜਾਂ ਨਰਿੰਦਰ ਮੋਦੀ ਦੇ ਸਹੁੰ-ਚੁੱਕ ਸਮਾਗਮ ਵਿੱਚ ਹਿੱਸਾ ਲੈਣ ਦਾ, ਨਵਾਜ਼ ਸ਼ਰੀਫ ਨੇ ਭਾਰਤ ਨਾਲ ਚੰਗੇ ਅਤੇ ਸ਼ਾਂਤਮਈ ਸੰਬੰਧਾਂ ਵੱਲ ਹਮੇਸ਼ਾ ਝੁਕਾਅ ਦਰਸਾਇਆ ਹੈ, ਜਿਸ ਨਾਲ ਪਾਕਿਸਤਾਨ ਦੀ ਸਰਬਸ਼ਕਤੀਸ਼ਾਲੀ ਫੌਜ ਨੂੰ ਬਹੁਤ ਤਕਲੀਫ ਹੋਈ।

ਅਜਿਹੀ ਸਥਿਤੀ ਵਿੱਚ ਸੁਪਰੀਮ ਕੋਰਟ ਦੇ ਹੁਕਮ ਪਿੱਛੇ ਪਾਕਿਸਤਾਨ ਦੀ ਫੌਜ ਦਾ ਹੱਥ ਮੰਨਿਆ ਜਾ ਰਿਹਾ ਹੈ।

ਮੰਦਭਾਗੀ ਗੱਲ ਇਹ ਹੈ ਕਿ ਪਾਕਿਸਤਾਨ ਵਿੱਚ ਨਿਆਂ ਪਾਲਿਕਾ ਨੂੰ ਫੌਜ ਦੇ ਹੱਥ-ਠੋਕੇ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਅਤੀਤ ਵਿੱਚ ਇਸ ਨੇ ਫੈਸਲੇ ਵੀ ਅਜਿਹੇ ਸੁਣਾਏ ਹਨ, ਜਿਨ੍ਹਾਂ ਵਿੱਚ ਫੌਜ ਦਾ ਪੱਖ ਲਿਆ ਗਿਆ ਹੈ। ਇਥੋਂ ਤੱਕ ਕਿ ਨਵਾਜ਼ ਸ਼ਰੀਫ ਦੀ ਜਾਂਚ ਪੜਤਾਲ ਕਰਨ ਲਈ ਬਣਾਈ ਗਈ ਸਾਂਝੀ ਜਾਂਚ ਟੀਮ ਵਿੱਚ ਵੀ ਘੱਟੋ ਘੱਟ ਦੋ ਮੈਂਬਰ ਫੌਜ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਅਧਿਕਾਰੀ ਸਨ। ਪਾਕਿਸਤਾਨ ਵਿੱਚ ਵਿਆਪਕ ਤੌਰ 'ਤੇ ਇਹ ਭਾਵਨਾ ਪਾਈ ਜਾ ਰਹੀ ਹੈ ਕਿ ਨਵਾਜ਼ ਸ਼ਰੀਫ ਨੂੰ ਬਹੁਤ ਕਮਜ਼ੋਰ ਕਾਨੂੰਨੀ ਆਧਾਰ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ ਹੈ।

ਪਾਕਿਸਤਾਨ ਦੇ ਸਭ ਤੋਂ ਵੱਕਾਰੀ ਅਖਬਾਰ ਡਾਨ ਨੇ ਆਪਣੇ ਸੰਪਾਦਕੀ ਵਿੱਚ ਲਿਖਿਆ ਹੈ, 'ਇਹ ਆਸ ਕੀਤੀ ਜਾ ਰਹੀ ਸੀ ਕਿ ਸੁਪਰੀਮ ਕੋਰਟ ਬਹੁਤ ਲੰਬੀ ਚੌੜੀ ਚਰਚਾ ਤੋਂ ਬਾਅਦ ਇੱਕ ਨਿਆਂ ਪੂਰਨ ਫੈਸਲਾ ਸੁਣਾਏਗੀ, ਜੋ ਵਧੀਆ ਤੇ ਆਸਾਨੀ ਨਾਲ ਲਾਗੂ ਹੋ ਸਕਣ ਵਾਲੀ ਪੁਰਾਣੀ ਮਿਸਾਲ ਸਿੱਧ ਹੋਵੇਗਾ, ਪਰ ਇਸ ਦੀ ਬਜਾਏ ਚੁਣੇ ਹੋਏ ਅਧਿਕਾਰੀਆਂ ਨੂੰ ਅਯੋਗ ਕਰਾਰ ਦੇਣ ਲਈ ਜੋ ਦਲੀਲਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਦਾਇਰਾ ਬਹੁਤ ਵਿਸ਼ਾਲ ਹੋ ਸਕਦਾ ਹੈ, ਜਿਸ ਨਾਲ ਪਾਰਲੀਮੈਂਟਰੀ ਤੰਤਰ ਵਿੱਚ ਬਹੁਤ ਹਫੜਾ-ਦਫੜੀ ਮਚ ਜਾਵੇਗੀ।' ਇਸੇ ਸੰਪਾਦਕੀ ਵਿੱਚ ਅੱਗੇ ਕਿਹਾ ਗਿਆ ਹੈ, 'ਇੱਕ ਨਿਰਪੱਖ ਤੇ ਅਨੁਪਾਤਿਕ ਇਨਸਾਫ ਦੀ ਆਸ ਕੀਤੀ ਜਾਂਦੀ ਸੀ, ਪਰ ਪੰਜ ਮੈਂਬਰੀ ਬੈਂਚ ਨੇ ਜੋ ਆਖਰੀ ਫੈਸਲਾ ਸੁਣਾਇਆ, ਉਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਅਤੇ ਖੁਦ ਪਾਰਲੀਮੈਂਟ ਲਈ ਭਵਿੱਖ ਵਿੱਚ ਗੰਭੀਰ ਨਤੀਜੇ ਆਉਣਗੇ।'

ਨਵਾਜ਼ ਸ਼ਰੀਫ ਵੱਲੋਂ ਆਪਣੇ ਭਰਾ ਸ਼ਾਹਬਾਜ਼ ਸ਼ਰੀਫ ਨੂੰ ਆਪਣਾ ਵਾਰਸ ਨਾਮਜ਼ਦ ਕਰਨ ਦੇ ਫੈਸਲੇ ਦੇ ਮੱ-ਦੇਨਜ਼ਰ ਇਹ ਸੰਭਾਵਨਾ ਨਜ਼ਰ ਆਉਂਦੀ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਭਾਰਤ ਪ੍ਰਤੀ ਰੁਖ ਪਹਿਲਾਂ ਵਰਗਾ ਹੀ ਰਹੇਗਾ, ਪਰ ਸੁਪਰੀਮ ਕੋਰਟ ਦੇ ਫੈਸਲੇ ਨੇ ਕਈ ਸੰਭਾਵਨਾਵਾਂ ਨੂੰ ਬੇਲਗਾਮ ਛੱਡ ਦਿੱਤਾ ਹੈ, ਜਿਸ ਕਾਰਨ ਭਾਰਤ ਨੂੰ ਚੌਕਸ ਰਹਿਣਾ ਪਵੇਗਾ। ਪਹਿਲਾਂ ਤੋਂ ਜੋ ਚੌਕਸੀ ਵਰਤੀ ਜਾ ਰਹੀ ਹੈ, ਉਸ ਵਿੱਚ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਕੀਤੀ ਜਾਣੀ ਚਾਹੀਦੀ। ਇਹ ਸੰਭਵ ਹੈ ਕਿ ਸ਼ਾਹਬਾਜ਼ ਸ਼ਰੀਫ ਆਪਣੇ ਵੱਡੇ ਭਰਾ ਦੀਆਂ ਨੀਤੀਆਂ ਨੂੰ ਜਾਰੀ ਰੱਖਣਗੇ, ਪਰ ਸੌ ਸਵਾਲਾਂ ਦਾ ਇੱਕ ਸਵਾਲ ਇਹ ਹੈ ਕਿ ਕੀ ਉਹ ਅਗਲੀਆਂ ਆਮ ਚੋਣਾਂ ਵਿੱਚ ਆਪਣੀ ਪਾਰਟੀ ਨੂੰ ਜਿਤਾ ਸਕਦੇ ਹਨ? ਅਸਲ ਵਿੱਚ ਇਸ ਦੀ ਪੱਕੀ ਸੰਭਾਵਨਾ ਹੈ ਕਿ ਅਗਲੀਆਂ ਚੋਣਾਂ ਵਿੱਚ ਸਿਆਸੀ ਆਗੂਆਂ ਦੀ ਇੱਕ ਨਵੀਂ ਪੀੜ੍ਹੀ ਉਭਰੇਗੀ।

ਸੁਪਰੀਮ ਕੋਰਟ ਦੇ ਫੈਸਲੇ ਦੇ ਮੱਦੇਨਜ਼ਰ ਪਾਕਿਸਤਾਨ ਵਿੱਚ ਸਿਆਸੀ ਲੀਡਰਸ਼ਿਪ ਕਿਉਂਕਿ ਕਮਜ਼ੋਰ ਹੋ ਗਈ ਹੈ, ਇਸ ਲਈ ਤਾਜ਼ਾ ਘਟਨਾਵਾਂ ਨੇ ਪਾਕਿਸਤਾਨੀ ਫੌਜ ਦੇ ਪੱਖ ਦਾ ਪੱਲੜਾ ਭਾਰਾ ਕਰ ਦਿੱਤਾ ਹੈ। ਅਤੀਤ ਦੇ ਕੌੜੇ ਤਜਰਬਿਆਂ ਨੂੰ ਦੇਖਦਿਆਂ ਪਾਕਿਸਤਾਨ ਵਿੱਚ ਫੌਜ ਵੱਲੋਂ ਸੱਤਾ ਸੰਭਾਲਣ ਦੀ ਸੰਭਾਵਨਾ ਘੱਟ ਹੈ, ਫਿਰ ਵੀ ਇਸ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ ਜਾ ਸਕਦਾ।

ਇਸ ਗੱਲ ਵਿੱਚ ਜ਼ਰਾ ਵੀ ਸ਼ੱਕ ਨਹੀਂ ਕਿ ਸੁਪਰੀਮ ਕੋਰਟ ਦੇ ਫੈਸਲੇ ਨੇ ਪਾਕਿ ਫੌਜ ਦੀ ਸਥਿਤੀ ਬਹੁਤ ਮਜ਼ਬੂਤ ਕਰ ਦਿੱਤੀ ਹੈ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇਸ ਦੇ ਲਈ ਲੋਕਤੰਤਰਿਕ ਅਤੇ ਸਥਿਰ ਪਾਕਿਸਤਾਨ ਹੀ ਸਭ ਤੋਂ ਅਹਿਮ ਹੈ। ਕਸ਼ਮੀਰ ਨੂੰ ਲਗਾਤਾਰ ਸੁਲਗਾਈ ਰੱਖਣ 'ਚ ਪਾਕਿ ਫੌਜ ਦਾ ਸਵਾਰਥ ਹੈ, ਪਰ ਭਾਰਤ ਲਈ ਅਸਥਿਰ ਪਾਕਿਸਤਾਨ ਹਮੇਸ਼ਾ ਇੱਕ ਮਨਹੂਸ ਖਬਰ ਬਣਿਆ ਰਹੇਗਾ ਕਿਉਂਕਿ ਇਸ ਸਥਿਤੀ ਵਿੱਚ ਕਈ ਏਜੰਸੀਆਂ ਓਥੋਂ ਦੀਆਂ ਸਮੱਸਿਆਵਾਂ ਵੱਲੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਰਗਰਮ ਹੋ ਜਾਣਗੀਆਂ ਅਤੇ ਔਸਤ ਪਾਕਿਸਤਾਨੀ ਤੇ ਭਾਰਤੀ ਨਾਗਰਿਕਾਂ ਦੀਆਂ ਮੁਸ਼ਕਲਾਂ ਵਧਣ ਦੇ ਨਾਲ-ਨਾਲ ਭਾਰਤੀ ਸੁਰੱਖਿਆ ਬਲਾਂ ਦਾ ਕੰਮ ਵੀ ਵਧ ਜਾਏਗਾ।

# "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀ ਚਾਹੀਦਾ"

ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁ-ਧਿਆਣੇ ਨਾਲ ਸਬੰਧਤ ਹਨ । ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ।

ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

**ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾ ਨੂੰ ਬੇਨਤੀ**

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ।

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

-----

# ਭਾਰਤ ਛੱਡੋ ਆਮ ਆਦਮੀ ਦਾ ਅੰਦੋਲਨ ਸੀ

**(ਸਫਾ 18 ਦੀ ਬਾਕੀ)**

ਖਿਲਾਫ ਵਿਆਪਕ ਪੱਧਰ 'ਤੇ ਨਾਗਰਿਕ ਨਾਫਰਮਾਨੀ ਅੰਦੋਲਨ ਚਲਾਇਆ ਜਾਵੇ।ਪਾਰਟੀ ਦੇ ਵਿੱਚ ਇਸ ਪੇਸ਼ਕਸ਼ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਅਤੇ ਪ੍ਰਸਿੱਧ ਕਾਂਗਰਸੀ ਨੇਤਾ ਚੱਕਰਵਰਤੀ ਰਾਜਗੋਪਾਲਾਚਾਰੀ ਨੇ ਪਾਰਟੀ ਛੱਡ ਦਿੱਤੀ। ਪੰ: ਜਵਾਹਰ ਲਾਲ ਨਹਿਰੂ ਅਤੇ ਮੌਲਾਨਾ ਅਬੁਲ ਕਲਾਮ ਆਜਾਦ ਦੱਸੇ ਗਏ ਅੰਦੋਲਨ ਦੇ ਬਾਰੇ ਸ਼ੱਕ 'ਚ ਸੀਗੇ ਪਰ ਉਨ੍ਹਾਂ ਨੇ ਮਹਾਤਮਾ ਗਾਂਧੀ ਦੇ ਕਹਿਣ 'ਤੇ ਅੰਤ ਤੱਕ ਇਸਦੇ ਸਮੱਰਥਣ ਦਾ ਫੈਸਲਾ ਕੀਤਾ। ਗਾਂਧੀਵਾਦੀ ਅਤੇ ਸਮਾਜਵਾਦੀਆਂ ਜਿਵੇਂ ਸਰਦਾਰ ਵੱਲਭ ਭਾਈ ਪਟੇਲ ਅਤੇ ਡਾ ਰਜਿੰਦਰ ਪ੍ਰਸਾਦ,ਅਸ਼ੋਕ ਮਹਿਤਾ ਅਤ ਜੈ ਪ੍ਰਕਾਸ਼ ਨਰਾਇਣ ਨੇ ਇਸ ਤਰ੍ਹਾਂ ਕਿਸੇ ਵੀ ਅੰਦੋਲਨ ਦਾ ਖੁੱਲ੍ਹ ਕੇ ਸਮਰੱਥਨ ਨਹੀਂ ਕੀਤਾ।

ਅੰਦੋਲਨ ਦੇ ਲਈ ਕਾਂਗ੍ਰਸ ਨੂੰ ਸਾਰੇ ਰਾਜਨੀਤਿਕ ਦਲਾਂ ਨੂੰ ਇੱਕ ਝੰਡੇ ਥੱਲੇ ਲਿਆਉਣ 'ਚ ਸਫਲਤਾ ਨਹੀਂ ਮਿਲੀ। ਇਸ ਸੱਦੇ ਦਾ ਮੁਸਲਿਮ ਲੀਗ ,ਭਾਰਤੀ ਕਮਿਊਨਿਸਟ ਪਾਰਟੀ ਅਤੇ ਹਿੰਦੂ ਮਹਾਸਭਾ ਨੇ ਵਿਰੋਧ ਕੀਤਾ। 8 ਅਗਸਤ ਸਨ 1942 ਨੂੰ ਅਖਿਲ ਭਾਰਤੀ ਕਾਂਗ੍ਰਸ ਸੰਮਤੀ ਦੇ ਮੁਬਈ ਸੈਸ਼ਨ 'ਚ ਭਾਰਤ ਛੱਡੋ ਅੰਦੋਲਨ ਦਾ ਪ੍ਰਸਤਾਵ ਪਾਸ ਹੋਣ ਤੋਂ ਬਾਅਦ ਬਰਤਾਨਵੀਂ ਹਕੂਮਤ ਪਹਿਲਾਂ ਤੋਂ ਹੀ ਸਤਰਕ ਸੀ। ਇਸ ਲਈ ਮਹਾਤਮਾ ਗਾਂਧੀ ਨੂੰ ਅਗਲੇ ਦਿਨ ਹੀ ਪੂਨੇ ਦੀ ਆਗਾ ਖਾਨ ਪੈਲੇਸ 'ਚ ਕੈਦ ਕਰ ਦਿੱਤਾ ਗਿਆ। ਅਹਿਮਦਨਗਰ ਕਿਲੇ 'ਚ ਕਾਂਗ੍ਰਸ ਕਾਰਜਕਾਰੀ ਸੰਮਤੀ ਦੇ ਸਾਰੇ ਵਰਕਰਾਂ ਨੂੰ ਗ੍ਰਿਫਤਾਰ ਕਰ ਕੇ ਬੰਦ ਕਰ ਦਿੱਦਾ ਗਿਆ।

ਲੱਗਪਗ ਸਾਰੇ ਨੇਤਾ ਗ੍ਰਿਫਤਾਰ ਕਰ ਲਏ ਗਏ ਪਰ ਯੂਵਾ ਨੇਤਰੀ ਅਰੂਣਾ ਆਸਫ ਅਲੀ ਗ੍ਰਿਫਤਾਰ ਨਹੀਂ ਕੀਤੀ ਗਈ ਅਤੇ ਮੁੰਬਈ ਤੇ ਗਵਾਲੀਆ ਟੈਂਕ ਮੈਦਾਨ 'ਚ ਉਨ੍ਹਾਂ ਨੇ ਸਨ 1942 'ਚ ਤਿਰੰਗਾ ਫਹਿਰਾ ਕੇ ਮਹਾਤਮਾ ਗਾਂਧੀ ਦੇ ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਕਰ ਦਿੱਤੀ। ਮਹਾਤਮਾ ਗਾਂਧੀ ਨੇ ਅਹਿੰਸਕ ਰੂਪ 'ਚ ਅੰਦੋਲਨ ਚਲਾਉਣ ਦਾ ਸੰਦੇਸ਼ ਦਿੱਤਾ ਸੀ ਪਰ ਅੰਗ੍ਰੇਜਾਂ ਨੂੰ ਭਜਾਉਣ ਦਾ ਦੇਸ਼ਵਾਸੀਆਂ 'ਚ ਅਜਿਹਾ ਜਨੂੰਨ ਪੈਦਾ ਹੋ ਗਿਆ ਕਿ ਕਈ ਥਾਂਵਾ 'ਤੇ ਬੰਬ ਵਿਸਫੋਟ ਹੋਏ, ਸਰਕਾਰੀ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ,ਬਿਜਲੀ ਕੱਟ ਦਿੱਤੀ ਗਈ, ਆਵਾਜਾਈ ਅਤੇ ਸੰਚਾਰ ਸੇਵਾਵਾਂ ਨੂੰ ਵੀ ਵਿਗਾੜ ਦਿੱਤਾ ਗਿਆ।

ਥਾਂ -ਥਾਂ 'ਤੇ ਹੜਤਾਲ ਕੀਤੀ ਗਈ। ਲੋਕਾਂ ਨੇ ਜਿਲ੍ਹਾਂ ਪ੍ਰਸ਼ਾਸਨ ਨੂੰ ਕਈ ਥਾਂਵਾ 'ਤੇ ਪੱਟ ਸੁਟਿੱਆ। ਗ੍ਰਿਫਤਾਰ ਕੀਤੇ ਗਏ ਨੇਤਾਵਾਂ ਅਤੇ ਵਰਕਰਾਂ ਨੂੰ ਜੇਲਾਂ ਤੋੜ ਕੇ ਮੁਕਤ ਕਰਵਾ ਲਿਆ ਗਿਆ ਅਤੇ ਉਥੇ ਸਵਤੰਤਰ ਸ਼ਾਸਨ ਸਥਾਪਿਤ ਕਰ ਦਿੱਤਾ। ਇੱਕ ਤਾਂ ਦੂਜੇ ਵਿਸ਼ਵ ਯੁੱਧ 'ਚ ਅੰਗਰੇਜਾਂ ਦੀ ਰੀੜ੍ਹ ਦੀ ਹੱਡੀ ਟੁੱਟ ਰਹੀ ਸੀ ਅਤੇ ਦੂਜੇ ਪਾਸੇ ਭਾਰਤ ਛੱਡੋ ਅੰਦੋਲਨ ਅੰਗ੍ਰੇਜਾਂ ਦੇ ਚੂਲ੍ਹੇ ਹਿਲਾਉਣ 'ਚ ਲੱਗਿਆ ਹੋਇਆ ਸੀ। ਇਸ ਅੰਦੋਲਨ ਨਾਲ ਅੰਗ੍ਰੇਜ਼ ਬੁਰੀ ਤਰ੍ਹਾਂ ਬੌਖਲਾ ਗਏ। ਉਨ੍ਹਾਂ ਨੇ ਸੈਂਕੜੇ ਪ੍ਰਦਰਸ਼ਨਕਾਰੀਆਂ ਅਤੇ ਨਿਰਦੋਸ਼ ਲੋਕਾਂ ਨੂੰ ਗੋਲੀ ਨਾਲ ਉਡਾ ਦਿੱਤਾ ਅਤੇ ਇੱਕ ਲੱਖ ਤੋਂ ਜਿਆਦਾ ਲੋਕਾਂ ਨੂੰ ਦੇਸ਼ ਭਰ 'ਚ ਗ੍ਰਿਫਤਾਰ ਕਰ ਲਿਆ ਗਿਆ। ਇਸ ਦੇ ਬਾਵਜੂਦ ਅੰਦੋਲਨ ਪੂਰੇ ਜੋਸ਼ ਦੇ ਨਾਲ ਚੱਲਦਾ ਰਿਹਾ। ਪਰ ਪ੍ਰਦਰਸ਼ਨਕਾਰੀਆਂ ਦੀ ਵਜਾ ਨਾਲ ਕਾਂਗਰਸ ਦੀ ਸਾਰੀ ਅਗਵਾਈ ਦੁਨੀਆਂ ਤੋਂ ਲੱਗਪਗ ਤਿੰਨ ਸਾਲ ਤੱਕ ਟੁੱਟੀ ਰਹੀ।ਮਹਾਤਮਾ ਗਾਂਧੀ ਦੀ ਸਿਹਤ ਜੇਲ 'ਚ ਜਿਆਦਾ ਵਿਗੜ ਗਈ ਪਰ ਫਿਰ ਵੀ ਉਨ੍ਹਾਂ ਨੇ ਆਪਣਾ ਅੰਦੋਲਨ ਜਾਰੀ ਰੱਖਣ ਦੇ ਲਈ 21 ਦਿਨ ਦੀ ਭੁੱਖ ਹੜਤਾਲ ਕੀਤੀ। ਸਨ 1944 'ਚ ਗਾਂਧੀ ਜੀ ਦੀ ਸਿਹਤ ਜਿਆਦਾ ਵਿਗੜ ਜਾਣ ਕਾਰਨ ਅੰਗ੍ਰੇਜਾ ਨੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ। 1944 ਦੇ ਸ਼ੁਰੂ ਤੱਕ ਅੰਗ੍ਰੇਜਾਂ ਨੇ ਹਾਲਾਤਾਂ 'ਤੇ ਕਾਬੂ ਪਾ ਲਿਆ ਜਿਸ ਨਾਲ ਬਹੁਤ ਸਾਰੇ ਰਾਸ਼ਟਰਵਾਦੀ ਨਿਰਾਸ਼ ਹੋਏ। ਮਹਾਤਮਾ ਗਾਂਧੀ ਅਤੇ ਕਾਂਗਰਸ ਦੇ ਮੁਹੰਮਦ ਅਲੀ ਜਿੰਨਾਹ, ਮੁਸਲਿਮ ਲੀਗ, ਖੱਬੇ ਪੰਥੀਆਂ ਅਤੇ ਹੋਰ ਵਿਰੋਧੀਆਂ ਦੀ ਅਲੋਚਨਾ ਦਾ ਸਾਹਮਣਾ ਕਰਨਾ ਪਿਆ। ਕਦੇ -ਕਦੇ ਜਲਦਬਾਜੀ 'ਚ ਅਜਿਹੇ ਕਦਮ ਚੁੱਕ ਲਏ ਜਾਂਦੇ ਹਨ ਜਿਨ੍ਹਾਂ ਹਾਰ ਦੀ ਸੰਭਾਵਨਾ ਜਿਆਦਾ ਹੁੰਦੀ ਹੈ। ਇਨ੍ਹਾਂ ਨਾਲ ਜਾਨ ਹਾਨੀ ਵੀ ਅਤੇ ਨਿਰਾਸ਼ਾ ਦਾ ਸੰਚਾਰ ਵੀ ਹੰਦਾ ਹੈ। ਇੰਝ ਵਿਦਰੋਹ ਅਤੇ ਕ੍ਰਾਂਤੀਆਂ ਅਕਸਰ ਅਸਫਲ ਹੁੰਦੀਆਂ ਹਨ ਪਰੰਤੂ ਕ੍ਰਾਂਤੀ ਧਰਮੀ ਆਪਣਾ ਸੰਜਮ ਅਤੇ ਹੌਸਲਾਂ ਨਹੀਂ ਛੱਡਦੇ। ਇਸ ਲਈ 9 ਅਗਸਤ ਭਾਰਤ ਦੇ ਇਤਿਹਾਸ 'ਚ ਪੂਰੀ ਸ਼ਾਨ ਦੇ ਨਾਲ ਦਰਜ ਹੈ।

# ਵਾਸਕੋਡੀਗਾਮਾ ਨੇ ਨਹੀਂ ਲੱਭਿਆ ਭਾਰਤ - ਇਕ ਵਪਾਰੀ ਦਾ ਪਿੱਛਾ ਕਰਕੇ ਪਹੁੰਚਿਆ ਸੀ ਇੱਥੇ

ਹਮੇਸ਼ਾ ਇਹ ਕਿਹਾ ਜਾਂਦਾ ਹੈ ਕਿ ਭਾਰਤ ਦੀ ਖੋਜ ਵਾਸਕੋਡੀਗਾਮਾ ਨੇ ਕੀਤੀ ਸੀ। ਪਰ ਇਸ ਤੱਥ ਨੂੰ ਸੁਰੇਸ਼ ਸੋਨੀ ਨੇ ਆਪਣੀ ਕਿਤਾਬ 'ਇੰਡੀਆਜ਼ ਸਾਇੰਟੀਫਿਕ ਹੈਰੀਟੇਜ' ਵਿਚ ਗਲਤ ਦੱਸਿਆ ਹੈ। ਉਹਨਾਂ ਨੇ ਪੁਰਾਤਤਵ ਵਿਗਿਆਨੀ ਡਾ. ਵਿਸ਼ਨੂ ਸ਼੍ਰੀਚਰ ਵਾਕਣਕਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਵਾਸਕੋਡੀਗਾਮਾ ਇਕ ਖੋਜੀ ਵਪਾਰੀ ਵਾਂਗ ਹੀ ਇਕ ਗੁਜਰਾਤੀ ਵਪਾਰੀ ਦੇ ਜਹਾਜ਼ ਦਾ ਪਿੱਛਾ ਕਰਦਾ-ਕਰਦਾ ਭਾਰਤ ਪਹੁੰਚਿਆ ਸੀ। ਡਾ. ਵਾਕਣਕਰ ਦੀ ਰਿਪੋਰਟ ਮੁਤਾਬਕ ਵਾਸਕੋਡੀਗਾਮਾ ਨੇ ਖੁਦ ਆਪਣੀ ਡਾਇਰੀ ਵਿਚ ਲਿਖਿਆ ਹੈ ਕਿ ਅਫਰੀਕਾ ਦੇ ਜੰਜੀਬਾਰ ਵਿਚ ਉਸਨੇ ਆਪਣੇ ਜਹਾਜ਼ ਤੋਂ ਤਿੰਨ ਗੁਣਾਂ ਵੱਡਾ ਇਕ ਜਹਾਜ਼ ਦੇਖਿਆ ਸੀ। ਇਹ ਜਹਾਜ ਚੰਦਨ ਨਾ ਦੇ ਇਕ ਗੁਜਰਾਤੀ ਵਪਾਰੀ ਦਾ ਸੀ, ਜੋ ਭਾਰਤ ਤੋਂ ਮਸਾਲੇ ਲੈ ਕੇ ਅਫਰੀਕਾ ਆਉਂਦਾ ਸੀ ਅਤੇ ਇਸਦੇ ਬਦਲੇ ਹੀਰੇ ਲਿਜਾਂਦਾ ਸੀ। ਚੰਦਨ ਅਤੇ ਉਸਦੇ ਜਹਾਜ਼ ਨੂੰ ਦੇਖ ਕੇ ਵਾਸਕੋਡੀਗਾਮਾ ਸਮਝ ਗਿਆ ਸੀ ਕਿ ਚੰਦਨ ਅਜਿਹੇ ਦੇਸ਼ ਤੋ ਆਉਂਦਾ ਹੈ, ਜੋ ਕਾਫੀ ਅਮੀਰ ਹੈ। ਇਸ ਦੇ ਕਾਰਨ ਉਹ ਚੰਦਨ ਦੇ ਜਹਾਜ਼ ਦਾ ਪਿੱਛਾ ਕਰਦਾ ਹੋਇਆ ਭਾਰਤ ਆ ਪਹੁੰਚਿਆ। ਵਰਣਨਯੋਗ ਹੈ ਕਿ ਸੁਰੇਸ਼ ਸੋਨੀ ਦੀ ਕਿਤਾਬ ਦਾ ਇਹ ਮੁੱਖ ਅੰਸ਼ ਆਰ. ਐਸ. ਐਸ. ਦੇ ਅਖਬਾਰ ਵਿਚ ਪਬਲਿਸ਼ ਹੋਇਆ ਹੈ। ਇਤਿਹਾਸਕਾਰਾਂ ਮੁਤਾਬਕ ਵਾਸਕੋਡੀਗਾਮਾ ਪੁਰਤਗਾਲ ਤੋਂ 8 ਜੁਲਾਈ 1497 ਨੂੰ ਭਾਰਤ ਦੀ ਭਾਲ ਵਿਚ ਨਿਕਲਿਆ ਸੀ। ਵਾਸਕੋਡੀਗਾਮਾ ਅਤੇ ਉਹਨਾਂ ਦੇ ਸਾਥੀ ਅਰਬ ਦੇਸ਼ਾਂ ਦੇ ਨਾਲ ੂ ਰਪ ਵਿਚ ਵਪਾਰ ਕਰਦੇ ਸਨ। ਇਹ ਅਰਬ ਦੇਸ਼ਾਂ ਤੋਂ ਯੂਰਪ ਮਸਾਲੇ ਜਿਵੇਂ ਕਾਲੀ ਮਿਚਰਚ ਅਤੇ ਚਾਹ ਖਰੀਦਦੇ ਸਨ। ਯੂਰਪ ਦੇ ਲੋਕਾਂ ਨੂੰ ਇਸ ਗੱਲ ਤੇ ਹੈਰਾਨੀ ਹੁੰਦੀ ਸੀ ਕਿ ਅਰਬ ਸੋਕਾਗ੍ਰਸਤ ਦੇਸ਼ ਹੈ, ਤਾਂ ਉਸਦੇ ਦੇਸ਼ ਵਿਚ ਇਹ ਮਸਾਲੇ ਕਿੱਥੋਂ ਆਉਂਦੇ ਹਨ। ਇਸ ਕਾਰਨ ਯੂਰਪ ਦੇ ਕਈ ਸਮੁੰਦਰੀ ਯਾਤਰੀ ਇਸ ਦਾ ਪਤਾ ਲਗਾਉਣ ਲਈ ਨਿਕਲ ਪਏ। ਇਹਨਾਂ ਵਿਚੋਂ ਇਕ ਵਾਸਕੋਡੀਗਾਮਾ ਵੀ ਸੀ। ਇਤਿਹਾਸਕਾਰਾਂ ਦੀ ਮੰਨੀਏ ਤਾਂ ਵਾਸਕੋਡੀਗਾਮਾ ਪੁਰਤਗਾਲ ਤੋਂ ਦੱਖਣੀ ਅਫਰੀਕਾ ਪਹੁੰਚਿਆ ਸੀ, ਇੱਥੇ ਉਹਨਾਂ ਨੇ ਕਈ ਭਾਰਤੀਆਂ ਦੇ ਜਹਾਜ਼ ਦੇਖੇ ਅਤੇ ਪਤਾ ਲਗਾਇਆ ਕਿ ਭਾਰਤ ਦੇ ਵਪਾਰੀ ਅਫਰੀਕਾ ਨਾਲ ਬਿਜਨਸ ਕਰਦੇ ਹਨ। ਇਸ ਤੋਂ ਬਾਅਦ ਵਾਸਕੋਡੀਗਾਮਾ ਨੇ ਭਾਰਤ ਤੱਕ ਪਹੁੰਚਣ ਲਈ ਸਮੁੰਦਰੀ ਮਾਰਗ ਦਾ ਅੰਦਾਜ਼ਾ ਲਗਾਇਆ ਅਤੇ ਸਿੱਧਾ ਹਿੰਦ ਮਹਾਸਾਗਰ ਜਾ ਪਹੁੰਚਿਆ। ਹਾਲਾਂਕਿ ਇਯ ਲੰਮੇ ਸਫਰ ਵਿਚ ਖਾਣ-ਪੀਣ ਦੇ ਸਮਾਨ ਦੀ ਕਮੀ ਹੋ ਗਈ ਅਤੇ ਇਸ ਦੇ ਕਾਰਨ ਵਾਸਕੋਡੀਗਾਮਾ ਮੋਜਮਬੀਕ ਜਾ ਪਹੁੰਚਿਆ। ਉਹਨਾਂ ਨੇ ਮੋਜਮਬੀਕ ਦੇ ਸੁਲਤਾਨ ਨੂੰ ਕਈ ਆਕਰਸ਼ਕ ਤੋਹਫੇ ਦਿੱਤੇ, ਜਿਸ ਤੋਂ ਸੁਲਤਾਨ ਖੁਸ਼ ਹੋ ਗਿਆ ਅਤੇ ਵਾਸਕੋਡੀਗਾਮਾ ਨੂੰ ਭਾਰਤ ਦਾ ਰਸਤਾ ਦੱਸ ਦਿੱਤਾ।

ਇਸ ਤਰ੍ਹਾਂ ਵਾਸਕੋਡੀਗਾਮਾ 20 ਮਈ 1468 ਨੂੰ ਵਾਸਕੋ ਡਾ ਗਾਮਾ ਕਾਲੀਕਟ ਤੱਕ ਪਹੁੰਚਿਆ ਅਤੇ ਉਥੋਂ ਦੇ ਰਾਜਾ ਤੋਂ ਕਾਰੋਬਾਰ ਦੇ ਲਈ ਹਾਮੀ ਭਰਵਾ ਲਈ। ਕਾਲੀਕਟ ਵਿਚ ਵਾਸਕੋਡੀਗਾਮਾ ਕਰੀਬ 3 ਮਹੀਨੇ ਤੱਕ ਰਿਹਾ ਅਤੇ ਇਸ ਤੋਂ ਬਾਅਦ ਪੁਰਤਗਾਲ ਵਾਪਸ ਮੁੜ ਆਇਆ। ਉਹ ਦੁਬਾਰਾ ਕਰੀਬ 20 ਸਾਲ ਬਾਅਦ ਭਾਰਤ ਆਇਆ ਅਤੇ ਇੱਥੇ 24 ਮਈ 1524 ਨੂੰ ਉਸਦਾ ਦੇਹਾਂਤ ਹੋ ਗਿਆ।ਲਿਬਸਨ ਵਿਚ ਵਾਸਕੋ ਦੇ ਨਾਂ ਤੇ ਇਕ ਸਮਾਰਕ ਹੈ, ਇਸੇ ਜਗ੍ਹਾ ਤੋਂ ਵਾਸਕੋਡੀਗਾਮਾ ਨੇ ਭਾਰਤ ਦੀ ਖੋਜ ਦਾ ਸਫਰ ਆਰੰਭ ਕੀਤਾ ਸੀ।



# ਬਾਲੀਵੁੱਡ ਦੀਆਂ ਅਭਿਨੇਤਰੀਆਂ, ਜਿਹਨਾਂ ਨੇ ਪਿਓ ਤੋਂ ਬਾਅਦ ਪੁੱਤ ਨਾਲ ਵੀ ਕੀਤਾ ਕੰਮ

**ਬਾਲੀਵੁੱਡ ਵਿਚ ਅਜਿਹੀਆਂ ਕਈ ਅਭਿਨੇਤਰੀਆਂ ਹਨ, ਜਿਹਨਾਂ ਨੇ ਪਹਿਲਾਂ ਜਿਸ ਐਕਟਰ ਦੇ ਨਾਲ ਕੰਮ ਕੀਤਾ, ਬਾਅਦ ਵਿਚ ਉਸਦੇ ਲੜਕੇ ਦੇ ਨਾਲ ਵੀ ਪਰਦੇ ਤੇ ਨਜ਼ਰ ਆਈਆਂ। ਇਹਨਾਂ ਵਿਚ ਬੀਤੇ ਜ਼ਮਾਨੇ ਦੀ ਅਭਿਨੇਤਰੀ ਰੇਖਾ, ਅਮ੍ਰਿਤਾ ਸਿੰਘ ਅਤੇ ਡਿੰਪਲ ਕਪਾਡੀਆ ਤੋਂ ਲੈ ਕੇ ਅੱਜ ਦੀਆਂ ਅਭਿਨੇਤਰੀਆਂ ਸੋਨਮ, ਕਰੀਨਾ ਅਤੇ ਅਨੁਸ਼ਕਾ ਤੱਕ ਸ਼ਾਮਲ ਹਨ।**



### ਵਿਨੋਦ ਖੰਨਾ- ਮਾਧੁਰੀ ਦੀਕਸ਼ਿਤ- ਅਕਸ਼ੈ ਖੰਨਾ

ਵਿਨੋਦ ਖੰਨਾ ਅਤੇ ਮਾਧੁਰੀ ਦੀਕਸ਼ਿਤ ਨੇ ਫਿਲਮ 'ਦਿਆਵਾਨ' ਵਿਚ ਇਕੱਠਿਆਂ ਕੰਮ ਕੀਤਾ ਹੈ। ਫਿਲਮ ਦਾ ਇਕ ਗਾਣਾ 'ਆਜ ਫਿਰ ਤੁਮ ਪੇ ਪਿਆਰ ਆਇਆ ਹੈ' ਕਾਫੀ ਪ੍ਰਸਿੱਧ ਹੋਇਆ ਸੀ। ਇਸ ਗਾਣੇ ਵਿਚ ਮਾਧੁਰੀ ਅਤੇ ਵਿਨੋਦ ਖੰਨਾ ਨੇ ਕਾਫੀ ਇੰਟੀਮੇਟ ਸੀਨ ਦਿੱਤੇ ਸਨ। ਫਿਲਮ ਵਿਚ ਵਿਨੋਦ ਖੰਨਾ, ਸ਼ਕਤੀ ਵੇਲੂ ਦੇ ਕਿਰਦਾਰ ਵਿਚ, ਜਦਕਿ ਮਾਧੁਰੀ ਨੇ ਉਹਨਾਂ ਦੀ ਪਤਨੀ ਨੀਲੂ ਦਾ ਰੋਲ ਪਲੇਅ ਕੀਤਾ ਸੀ। ਉਥੇ ਹੀ ਦੂਜੇ ਪਾਸੇ ਵਿਨੋਦ ਖੰਨਾਂ ਦੇ ਲੜਕੇ ਅਕਸ਼ੈ ਖੰਨਾ ਅਤੇ ਮਾਧੁਰੀ ਦੀਕਸ਼ਿਤ ਵੀ ਫਿਲਮ ਵਿਚ ਰੋਮਾਂਸ ਕਰ ਚੁੱਕੇ ਹਨ। 1997 ਵਿਚ ਆਈ ਫਿਲਮ 'ਮੋਹੱਬਤ' ਵਿਚ ਮਾਧੁਰੀ ਅਤੇ ਅਕਸ਼ੈ ਲੀਡ ਰੋਲ ਵਿਚ ਸਨ। ਅਕਸ਼ੈ- ਮਾਧੁਰੀ ਤੇ ਫਿਲਮਾਇਆ ਫਿਲਮ ਦਾ ਇਕ ਗੀਤ 'ਓ ਬੇਬੀ ਡਾਟ ਬ੍ਰੇਕ ਮਾਈ ਹਾਰਟ' ਕਾਫੀ ਹਿੱਟ ਹੋਇਆ ਸੀ।



### ਡਿੰਪਲ ਕਪਾਡੀਆ

ਡਿੰਪਲ ਕਪਾਡੀਆ ਨੇ ਧਰਮਿੰਦਰ ਦੇ ਨਾਲ 'ਇਨਸਾਨੀਅਤ ਕੇ ਦੁਸ਼ਮਨ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਨੇ ਸੰਨੀ ਦਿਓਲ ਨਾਲ 'ਮੰਜ਼ਿਲ ਮੰਜ਼ਿਲ' ਵਿਚ ਕੰਮ ਕੀਤਾ ਸੀ। ਡਿੰਪਲ ਨੇ ਵਿਨੋਦ ਖੰਨਾ ਨਾਲ ਵੀ 'ਖੂਨ ਕਾ ਕਰਜ' ਫਿਲਮ ਵਿਚ ਕੰਮ ਕੀਤਾ ਅਤੇ ਅਕਸ਼ੈ ਖੰਨਾ ਦੇ ਨਾਲ 'ਦਿਲ ਚਾਹਤਾ ਹੈ' ਫਿਲਮ ਵਿਚ ਕੰਮ ਕੀਤਾ।



### ਐਸ਼ਵਰਿਆ ਰਾਏ

ਐਸ਼ਰਿਆ ਰਾਏ ਨੇ ਅਮਿਤਾਬ ਬਚਨ ਨਾਲ 'ਮੋਹੱਬਤੇਂ' ਫਿਲਮ ਵਿਚ ਕੰਮ ਕੀਤਾ ਅਤੇ ਉਸ ਦੇ ਮੁੰਡੇ ਅਭਿਸ਼ੇਕ ਨਾਲ 'ਗੁਰੂ' ਫਿਲਮ ਵਿਚ ਕੰਮ ਕੀਤਾ। ਇਸ ਤੋਂ ਬਾਅਦ ਐਸ਼ਵ-ਰਆ ਰਾਏ ਅਮਿਤਾਬ ਦੀ ਨੂੰਹ ਬਣੀ।



### ਰੇਖਾ

ਬਾਲੀਵੁੱਡ ਦੀ ਮਸ਼ਹੂਰ ਅਭਿਨੇਤਰੀ ਰੇਖਾ ਨੇ ਰਾਕੇਸ਼ ਰੌਸ਼ਨ ਨਾਲ 'ਖੂਬਸੂਰਤ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਨੇ ਰਿਤਿਕ ਰੌਸ਼ਨ ਨਾਲ 'ਕ੍ਰਿਸ਼ 2' ਫਿਲਮ ਵਿਚ ਕੰਮ ਕੀਤਾ ਹੈ।



### ਸ਼੍ਰੀਦੇਵੀ

ਸ਼੍ਰੀਦੇਵੀ ਨੇ ਧਰਮਿੰਦਰ ਨਾਲ 'ਫਰਿਸ਼ਤੇ' ਫਿਲਮ ਵਿਚ ਕੰਮ ਕੀਤਾ ਅਤੇ ਉਹਨਾਂ ਦੇ ਮੁੰਡੇ ਸੰਨੀ ਦਿਓਲ ਨਾਲ 'ਰਾਮ ਅਵਤਾਰ' ਫਿਲਮ ਵਿਚ ਕੰਮ ਕੀਤਾ।



### ਕਰੀਨਾ ਕਪੂਰ

ਬਾਲੀਵੁੱਡ ਅਭਿਨੇਤਰੀ ਕਰੀਨਾ ਕਪੂਰ ਨੇ ਪੰਕਜ ਕਪੂਰ ਨਾਲ 'ਮੈਂ ਪ੍ਰੇਮ ਕੀ ਦੀਵਾਨੀ ਹੂੰ' ਫਿਲਮ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਉਹਨਾਂ ਦੇ ਮੁੰਡੇ ਸ਼ਾਹਿਦ ਕਪੂਰ ਨਾਲ 'ਜਬ ਵੀ ਮੇਟ' ਫਿਲਮ ਵਿਚ ਕੰਮ ਕੀਤਾ।



### ਸੋਨਮ ਕਪੂਰ

ਸੋਨਮ ਕਪੂਰ ਨੇ ਰਿਸ਼ੀ ਕਪੂਰ ਨਾਲ 'ਬੇਵਕੂਫੀਆਂ' ਫਿਲਮ ਵਿਚ ਕੰਮ ਕੀਤਾ ਅਤੇ ਫਿਰ ਰਣਬੀਰ ਕਪੂਰ ਦੇ ਨਾਲ 'ਸਾਂਵਰੀਆ' ਫਿਲਮ ਵਿਚ ਕੰਮ ਕੀਤਾ।



### ਪ੍ਰਿਟੀ ਜਿੰਟਾ

ਪ੍ਰਿਟੀ ਜਿੰਟਾ ਨੇ ਅਮਿਤਾਬ ਬਚਨ ਨਾਲ 'ਵੀਰ ਜਾਰਾ' ਫਿਲਮ ਵਿਚ ਕੰਮ ਕੀਤਾ ਅਤੇ ਉਸਦੇ ਮੁੰਡੇ ਅਭਿਸ਼ੇਕ ਬਚਨ ਨਾਲ 'ਕਭੀ ਅਲਵਿਦਾ ਨਾ ਕਹਿਨਾ' ਫਿਲਮ ਵਿਚ ਕੰਮ ਕੀਤਾ।



### ਅਨੁਸ਼ਕਾ ਸ਼ਰਮਾ

ਅਨੁਸ਼ਕਾ ਸ਼ਰਮਾ ਨੇ ਪੰਕਜ ਕਪੂਰ ਨਾਲ 'ਮਟਰੂ ਕੀ ਬਿਜਲੀ ਕਾ ਮਨ ਡੋਲਾ' ਫਿਲਮ ਵਿਚ ਕੰਮ ਕੀਤਾ ਸੀ।

ਇਸ ਤੋਂ ਬਾਅਦ ਉਸਦੇ ਮੁੰਡੇ ਸ਼ਾਹਿਦ ਕਪੂਰ ਨਾਲ 'ਬਦਮਾਸ਼ ਕੰਪਨੀ' ਵਿਚ ਕੰਮ ਕੀਤਾ।

# 'ਠੱਗ ਲਾਈਫ਼' ਦੌਰਾਨ ਪੂਰੀ ਟੀਮ ਦੀ ਮਿਲੀ ਹੌਂਸਲਾ ਅਫ਼ਜਾਈ : ਇਹਾਨਾਂ ਢਿੱਲੋਂ

ਹਾਲ ਹੀ ਵਿਚ ਰਿਲੀਜ਼ ਹੋਈ ਸਿੱਪੀ ਗਿੱਲ ਸਟਾਰਰ 'ਟਾਈਗਰ' ਅਤੇ ਇਸ ਤੋਂ ਪਹਿਲਾ 'ਡੈਡੀ ਕੂਲ, ਮੁੰਡੇ ਕੂਲ' 'ਚ ਨਿਭਾਈਆਂ ਲੀਡ ਭੂਮਿਕਾਵਾਂ ਸਦਕਾ ਸੋਹਣੀ, ਸੁਨੱਖੀ ਪੰਜਾਬਣ ਅਦਾਕਾਰਾਂ ਇਹਾਨਾਂ ਢਿੱਲੋਂ ਅੱਜ ਪੰਜਾਬੀ ਹੀ ਨਹੀਂ ਹਿੰਦੀ ਸਿਨੇਮਾਂ ਖਿੱਤੇ ਵਿਚ ਵੀ ਨਵੇਂ ਦਿਸਹਿੱਦੇ ਸਿਰਜਣ ਦੀ ਰਾਹੇਂ ਅੱਗੇ ਵਧ ਰਹੀ ਹੈ। ਮੂਲ ਰੂਪ ਵਿਚ ਪੰਜਾਬੀ ਪਰਿਵਾਰ ਨਾਲ ਸਬੰਧਤ ਅਤੇ ਇੰਨ੍ਹੀ ਦਿਨੀ ਮੁੰਬਈਆਂ ਨਗਰੀ ਵਿਚ ਵਸੇਂਦੀ ਇਸ ਹੋਣਹਾਰ ਅਦਾਕਾਰਾਂ ਦੇ ਅਭਿਨੈ ਸਫ਼ਰ ਵੱਲ ਨਜਰਸਾਨੀ ਕੀਤੀ ਜਾਵੇ ਤਾਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਕੁਝ ਨਿਵੇਕਲਾ ਕਰ ਗੁਜਰਣ ਦੀ ਖਵਾਹਿਸ਼ ਰੱਖਦੀ ਇਹ ਪ੍ਰਤਿਭਾਵਾਨ ਅਦਾਕਾਰਾਂ ਚੁਣਿੰਦਾ ਪ੍ਰੋਜੈਕਟਾਂ ਨੂੰ ਹੀ ਪਹਿਲ ਦੇ ਰਹੀ ਹੈ, ਜਿੰਨ੍ਹਾਂ ਵਿਚੋਂ ਹੀ 'ਇਕ ਠੱਗ ਲਾਈਫ਼' , ਜਿਸ ਵਿਚ ਅਦਾ ਕੀਤੇ ਮਹੱਤਵਪੂਰਨ ਕਿਰਦਾਰ ਦੁਆਰਾ ਇਹਾਨਾਂ ਅਗਲੇ ਦਿਨੀ ਫ਼ਿਰ ਦਰਸ਼ਕਾਂ ਸਨਮੁੱਖ ਹੋਣ ਜਾਣ ਰਹੀ ਹੈ। ਪੰਜਾਬੀ ਫ਼ਿਲਮ ਇੰਡਸਟਰੀਜ਼ ਵਿਚ ਨਿਵੇਕਲੀਆਂ ਪੈੜ੍ਹਾਂ ਸਥਾਪਿਤ ਕਰਨ ਵੱਲ ਵਧ ਰਹੀ ਇਸ ਪ੍ਰਤਿਭਾਵਾਨ ਅਦਾਕਾਰਾਂ ਨਾਲ ਨਵੀ ਫ਼ਿਲਮ ਵਿਚਲੇ ਕਿਰਦਾਰ ਅਤੇ ਅਹਿਮ ਪਹਿਲੂਆਂ ਸਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਨਿ-ਰਦੇਸ਼ਕ ਨੌਜਵਾਨ ਨਿਰਦੇਸ਼ਕ ਮੁਕੇਸ਼ ਵੋਹਰਾ ਵੱਲੋਂ ਨਿਰਦੇਸ਼ਿਤ ਕੀਤੀ ਗਈ ਇਸ ਫ਼ਿਲਮ ਦੀ ਕਹਾਣੀ ਦਿਲਚਸਪ ਕਾਮੇਡੀ ਆਧਾਰਿਤ ਹੈ, ਜਿਸ ਵਿਚ ਉਨ੍ਹਾਂ ਨੂੰ ਹਰੀਸ਼ ਵਰਮਾਂ, ਜੱਸ ਬਾਜਵਾ, ਰਾਜੀਵ ਠਾਕੁਰ ਤੋਂ ਇਲਾਵਾ ਦਿਗਜ਼ ਐਕਟਰ ਯੋਗਰਾਜ਼ ਸਿੰਘ ਜੀ ਅਤੇ ਹੋਬੀ ਧਾਲੀਵਾਲ ਨਾਲ ਪ੍ਰਭਾਵੀ ਭੂਮਿਕਾ ਨਿਭਾਉਣ ਦਾ ਅਵਸਰ ਮਿ-ਲਿਆ ਹੈ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਮਨਮੋਹਕ ਲੋਕੇਸ਼ਨਾ ਤੇ ਸ਼ੂਟ ਕੀਤੀ ਗਈ ਇਸ ਫ਼ਿਲਮ ਦਾ ਨਿਰਮਾਣ ਤੇਗ ਪ੍ਰੋਡੋਕਸ਼ਨ ਦੇ ਬੈਨਰਜ਼ ਹੇਠ ਨਿ-ਰਮਾਤਾ ਚਰਨਜੀਤ ਸਿੰਘ ਵਾਲੀਆਂ ਅਤੇ ਤੇਗਬੀਰ ਸਿੰਘ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਿਗ ਸੈੱਟਅੱਪ ਅਧੀਨ ਫ਼ਿਲਮਾਈ ਗਈ ਇਸ ਫ਼ਿਲਮ ਦਾ ਖਾਸ ਆਕਰਸ਼ਣ ਹਿੰਦੀ ਸਿ-



ਨੇਮਾਂ ਦੇ ਨਾਮਵਰ ਐਕਟਰ ਹੀਰਜੀ 'ਗੋਲਮਾਲ' ਫ਼ੇਮ ਵੀ ਹੋਣਗੇ,ਜੋਇਸ ਫ਼ਿਲਮ ਦੁਆਰਾ ਪਹਿਲੀ ਵਾਰ ਪੰਜਾਬੀ ਸਿਨੇਮਾਂ 'ਚ ਆਗਮਣ ਕਰਨ ਜਾ ਰਹੇ ਹਨ। ਪ੍ਰਸਿੱਧ ਪੰਜਾਬੀ ਅਖਾਣ ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜ੍ਹਕ ਨੂੰ ਆਪਣੀ ਅਭਿਨੈ ਸੋਚ ਦਾ ਆਧਾਰ ਬਣਾ ਅੱਗੇ ਵਧ ਰਹੀ ਇਹਾਨਾਂ ਨੇ ਆਪਣੇ ਭਵਿੱਖੀ ਪ੍ਰਾਜੈਕਟਾਂ ਬਾਰੇ ਗੱਲ ਕਰਦਿਆਂ ਦੱਸਿਆ ਪਲੇਠੀ ਹਿੰਦੀ ਫ਼ਿਲਮ 'ਦਾ ਰੈਲੀ' ਦੀ ਸ਼ੂਟਿੰਗ ਸ਼ੰਪੂਰਨ ਹੋ ਚੁੱਕੀ ਹੈ, ਜਿਸ ਵਿਚ ਹਿਮਾਲਿਆਂ ਦੀ ਮਸ਼ਹੂਰ ਕਾਰ ਰੈਲੀ ਨੂੰ ਮੁੱਖ ਧੁਰਾ ਬਣਾਇਆ ਗਿਆ ਹੈ, ਜਿਸ ਦੁਆਲੇ ਹੀ ਬੁਣੀਆਂ ਕਈ ਚੁਣੋਤੀਆਂ ਅਤੇ ਰੋਮਾਂਚਕ ਪਰਸਥਿਤੀਆਂ ਦਰਸ਼ਕਾਂ ਨੂੰ ਇਸ ਫ਼ਿਲਮ ਵਿਚ ਵੇਖਣ ਨੂੰ ਮਿਲਣਗੀਆਂ।

ਪੜ੍ਹਾਅ ਦਰ ਪੜ੍ਹਾਅ ਉਚ ਬੁਲੰਦੀਆਂ ਦਾ ਪੈਂਡਾ ਸਰ ਕਰ ਰਹੀ ਇਸ ਬਕਮਾਲ ਅਦਾਕਾਰਾਂ ਨੇ ਆਪਣੀ ਰਿਲੀਜ਼ ਹੋਣ ਜਾ ਰਹੀ ਫ਼ਿਲਮ ਨਾਲ ਜੁੜੇ ਅਨੁਭਵ ਦਾ ਜਿਕਰ ਕਰਦਿਆਂ ਦੱਸਿਆ ਕਿ ਪੂਰੀ ਫ਼ਿਲਮ ਟੀਮ ਦਾ ਸਹਿਯੋਗ ਕਾਬਿਲੇਦਾਦ ਰਿਹਾ , ਜਿੰਨ੍ਹਾਂ ਪਾਸੋ ਭਰਪੂਰ ਹੋਂਸਲਾ ਅਫ਼ਜਾਈ ਮਿਲੀ। ਪਰ ਇਸੇ ਫ਼ਿਲਮ ਨਾਲ ਜੁੜ੍ਹੀ ਇਕ ਘਟਨਾਂ ਦਾ ਵੀ ਜਿਕਰ ਕਰਨਾ ਚਾਹਾਂਗੀ, ਜਿਸ ਨੂੰ ਯਾਦ ਕਰਕੇ ਅੱਜ ਵੀ ਕੰਬ ਜਾਂਦੀ ਹਾਂ। ਉਨ੍ਹਾਂ ਦੱਸਿਆ ਕਿ ਫ਼ਿਲਮ ਦੇ ਕੁਝ ਅਹਿਮ ਅਤੇ ਫਾਈਟ ਦ੍ਰਿਸ਼ਾ ਦਾ ਫ਼ਿਲਮਾਂਕਣ ਹਿਮਾਚਲ ਪ੍ਰਦੇਸ਼ ਦੇ ਰੂਹ ਕੰਬਾਉਂਦੇ ਪਹਾੜ੍ਹੀ ਹਿ-ਸਿਆਂ ਵਿਚ ਕੀਤਾ ਜਾ ਰਿਹਾ ਸੀ, ਜਿਸ ਦੌਰਾਨ ਇਕ ਖਤਰਨਾਕ ਸੀਨ ਨੂੰ ਅੰਜਾਮ ਦਿੰਦਿਆਂ ਅਚਾਨਕ ਇਕ ਛੋਟੀ ਖੱਡ ਵਿਚ ਜਾ ਡਿੱਗੀ। ਹਾਲਾਕਿ ਖੁਸ਼ਕਿਸਮਤੀ ਰਹੀ ਕਿ ਕੋਈ ਜਿਆਦਾ ਸੱਟ ਨਹੀਂ ਲੱਗੀ । ਪਰ ਮੈਨੂੰ ਬਚਾਉਣ ਦੀ ਕੋਸ਼ਿਸ਼ ਵਿਚ ਨਿਰਦੇਸ਼ਕ ਮੁਕੇਸ਼ ਕੁਝ ਜਖਮੀ ਹੋ ਗਏ, ਜਿੰਨ੍ਹਾਂ ਤੋਂ ਇਲਾਵਾ ਪੂਰੀ ਟੀਮ ਦੇ ਚਿਹਰਿਆਂ ਤੇ ਪੈਦਾ ਹੋਇਆ ਉਹ ਖੋਫ਼ ਜਦ ਯਾਦ ਆਉਂਦਾ ਤਾਂ ਇਹ ਅਜਿਹੀ ਧੁਰ ਅੰਦਰ ਹਲਾਉਂਦੀ ਸਨਸਨੀ ਦਾ ਅਹਿਸਾਸ ਕਰਵਾ ਜਾਂਦਾ, ਜਿਸ ਦੀ ਟੀਸ ਲੰਬੇ ਸਮੇਂ ਤੱਕ ਯਾਦ ਰਹੇਗੀ।

**-ਪਰਮਜੀਤ, ਫ਼ਰੀਦਕੋਟ (9855820713)**

# ਪੀ.ਸੀ.ਐਸ. ਸੈਕਰਾਮੈਂਟੋ ਦੇ ਤੀਆਂ ਦੇ ਮੇਲੇ ਦੀਆਂ ਕੁਝ ਝਲਕੀਆਂ
















ਦੇਸ਼-ਵਿਦੇਸ਼ ਵਿਚ ਵੱਸਦੇ ਸਮੂਹ ਭਾਰਤੀ ਮੂਲ ਦੇ ਸੱਜਣਾਂ,
ਬੀਬੀਆਂ-ਭੈਣਾਂ, ਬੱਚਿਆਂ ਅਤੇ ਸਮੂਹ ਦੇਸ਼-ਵਾਸੀਆਂ ਨੂੰ
ਭਾਰਤ ਦੇ ਆਜ਼ਾਦੀ ਦਿਹਾੜੇ ਦੀਆਂ

## ਲੱਖ-ਲੱਖ ਵਧਾਈਆਂ



Late
Sh. Lahori Ram
Comissioner



Jagdev Ram with his brother AjaiPaul Ram, sister, mother, wife & daughter